PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611
19 ਸਤੰਬਰ ਤੋਂ 25 ਸਤੰਬਰ, 2024
Email :- editor@punjabstar.com, Vo. 20. Issue:1152


# ਯਾਗੀ ਤੂਫ਼ਾਨ ਕਾਰਨ 500 ਤੋਂ ਵੱਧ ਮੌਤਾਂ



ਬੈਂਕਾਕ (ਪੰਜਾਬ ਸਟਾਰ ਬਿਊਰੋ) : ਮਿਆਂਮਾਰ ਵਿੱਚ ਪਿਛਲੇ ਹਫ਼ਤੇ ਆਏ ਤੂਫ਼ਾਨ 'ਯਾਗੀ' ਅਤੇ ਮੌਨਸੂਨੀ ਮੀਂਹ ਕਾਰਨ ਹੜ੍ਹ ਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵਿੱਚ ਘੱਟੋ-ਘੱਟ 226 ਮੌਤਾਂ ਹੋ ਚੁੱਕੀਆਂ ਹਨ, ਜਦਕਿ 77 ਲੋਕ ਲਾਪਤਾ ਹਨ। ਇਸੇ ਦੌਰਾਨ ਭਾਰਤ ਨੇਂ ਮਆਂਮਾਰ ਨੂੰ 32 ਟਨ ਰਾਹਤ ਸਮੱਗਰੀ ਭੇਜੀ ਹੈ। ਨਵੇਂ ਅੰਕੜਿਆਂ ਮੁਤਾਬਕ ਦੱਖਣ-ਪੂਰਬ ਏਸ਼ੀਆ ਵਿੱਚ ਤੂਫਾਨ ਕਾਰਨ ਮਰਨ ਵਾਲਿਆਂ ਦੀ ਗਿਣਤੀ 500 ਤੋਂ ਵੱਧ ਗਈ ਹੈ। ਮੌਤਾਂ ਦੀ ਗਿਣਤ ਵਧ ਸਕਦੀ ਹੈ ਕਿਉਂਕਿ ਘਰੇਲੂ ਜੰਗ ਤੋਂ ਪੀੜਤ ਦੇਸ਼ ਵਿੱਚ ਸੰਚਾਰ ਦਿੱਕਤਾਂ ਦੇ ਮੱਦੇਨਜ਼ਰ ਮ੍ਰਿਤਕਾਂ ਦੀ ਗਿਣਤੀ ਪਤਾ ਲਾਉਣ ਦਾ ਕੰਮ ਸੁਸਤ ਰਫ਼ਤਾਰ ਨਾਲ ਚੱਲ ਰਿਹਾ ਹੈ। ਫੌਜ ਵੱਲੋਂ 2021 ਵਿੱਚ ਰਾਜਪਲਟਾ ਕਰ ਕੇ ਆਂਗ ਸਾਨ ਸੂ ਕੀ ਦੀ ਚੁਣੀ ਹੋਈ ਸਰਕਾਰ ਤੋਂ ਸੱਤਾ ਖੋਹ ਲਈ। ਮਿਆਂਮਾਰ ਉਦੋਂ ਤੋਂ *ਬਾਕੀ ਸਫਾ 2 'ਤੇ

# ਕੈਨੇਡਾ : ਲੋਕਾਂ ਨੇ ਟਰੂਡੋ ਦਾ ਗੁੱਸਾ ਜਗਮੀਤ ਸਿੰਘ 'ਤੇ ਕੱਢਿਆ



ਔਟਵਾ (ਪੰਜਾਬ ਸਟਾਰ ਬਿਊਰੋ): ਕੈਨੇਡੀਅਨ ਸੰਸਦ ਦੇ ਬਾਹਰ ਗੁੰਡਾਗਰਦੀ ਦਾ ਨੰਗਾ ਨਾਚ ਦੇਖਣ ਨੂੰ ਮਿਲਿਆ ਜਦੋਂ ਕੁਝ ਮੁਜ਼ਾਹਰਾਕਾਰੀ ਐਨ.ਡੀ.ਪੀ. ਆਗੂ ਜਗਮੀਤ ਸਿੰਘ ਦੇ ਪਿੱਛੇ ਪੈ ਗਏ ਅਤੇ ਭੱਦੀ ਸ਼ਬਦਾਵਲੀ ਦੀ ਵਰਤੋਂ ਕਰਦਿਆਂ ਭ੍ਰਿਸ਼ਟਾਚਾਰੀ ਕਹਿਣ ਲੱਗੇ। ਜਗਮੀਤ ਸਿੰਘ ਨੇ ਮੁਜ਼ਾਹਰਾਕਾਰੀਆਂ ਦਾ ਟਾਕਰਾ ਕੀਤਾ ਤਾਂ ਉਨ੍ਹਾਂ ਦੀ ਸੁਰ ਨਰਮ ਹੋ ਗਈ ਅਤੇ ਇਤਰਾਜ਼ਯੋਗ ਸ਼ਬਦਾਂ ਦੀ ਵਰਤੋਂ ਕੀਤੀ ਹੋਣ ਤੋਂ ਸਾਫ਼ ਮੁੱਕਰ ਗਏ। ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਵੀਡੀਓ ਵਿਚ ਦੇਖਿਆ ਜਾ ਸਕਦਾ ਹੈ ਕਿ ਕੈਨੇਡੀਅਨ ਸੰਸਦ ਦੀ ਪਾਰਕਿੰਗ ਵਿਚੋਂ ਬਾਹਰ ਆ ਰਹੇ ਜਗਮੀਤ ਸਿੰਘ ਦਾ ਪਿੱਛਾ ਹੋਣ ਲਗਦਾ ਹੈ ਅਤੇ ਘੱਟੋ ਘੱਟ ਦੋ ਜਣੇ 'ਭ੍ਰਿਸ਼ਟਾਚਾਰ-ਭ੍ਰਿਸ਼ਟਾਚਾਰੀ' ਕਹਿੰਦੇ ਹੋਏ ਐਨ.ਡੀ.ਪੀ. ਆਗੂ ਦੇ ਪਿੱਛੇ ਜਾਣ ਲਗਦੇ ਹਨ। ਦੋਹਾਂ ਵਿਚੋਂ ਇਕ *ਬਾਕੀ ਸਫਾ 2 'ਤੇ

## ਭਾਰਤੀ ਹਾਕੀ ਟੀਮ ਨੇ ਸਿਰਜਿਆ ਇਤਿਹਾਸ

# ਭਾਰਤ ਪੰਜਵੀਂ ਵਾਰ ਬਣਿਆ ਏਸ਼ਿਆਈ ਚੈਂਪੀਅਨ




ਹੁਲੁਨਬੂਈਰ (ਚੀਨ)(ਪੰਜਾਬ ਸਟਾਰ ਬਿਊਰੋ): ਟੂਰਨਾਮੈਂਟ 'ਚ ਇੱਕ ਵੀ ਮੈਚ ਨਾ ਹਾਰਨ ਵਾਲੀ ਭਾਰਤੀ ਹਾਕੀ ਟੀਮ ਨੇ ਅੱਜ ਇੱਥੇ ਸਖ਼ਤ ਮੁਕਾਬਲੇ 'ਚ ਮੇਜ਼ਬਾਨ ਚੀਨ ਨੂੰ 1-0 ਨਾਲ ਹਰਾ ਕੇ ਪੰਜਵੀਂ ਵਾਰ ਏਸ਼ਿਆਈ ਚੈਂਪੀਅਨਜ਼ ਟਰਾਫੀ ਦਾ ਖਿਤਾਬ ਜਿੱਤ ਲਿਆ ਹੈ। ਪਹਿਲੇ ਤਿੰਨ ਕੁਆਰਟਰਾਂ ਤੱਕ ਕੋਈ ਵੀ ਟੀਮ ਗੋਲ ਨਹੀਂ ਕਰ ਸਕੀ। ਅੰਤ ਵਿੱਚ ਡਿਫੈਂਡਰ ਜੁਗਰਾਜ ਸਿੰਘ ਨੇ ਮੈਦਾਨੀ ਗੋਲ ਕਰਕੇ ਟੀਮ ਨੂੰ ਜਿੱਤ ਦਿਵਾਈ। ਹਰਮਨਪ੍ਰੀਤ ਸਿੰਘ ਦੀ ਟੀਮ ਲਈ ਇਹ ਮੈਚ ਸੌਖਾ ਨਹੀਂ ਸੀ। ਪਹਿਲੇ ਤਿੰਨ ਕੁਆਰਟਰਾਂ ਵਿੱਚ ਚੀਨੀ ਡਿਫੈਂਡਰਾਂ ਨੇ ਭਾਰਤ ਨੂੰ ਗੋਲ ਕਰਨ ਦਾ ਕੋਈ ਮੌਕਾ ਨਹੀਂ ਦਿੱਤਾ। ਪੈਰਿਸ ਓਲੰਪਿਕ ਵਿੱਚ ਕਾਂਸੇ ਦਾ ਤਗ਼ਮਾ ਜੇਤੂ ਭਾਰਤੀ ਟੀਮ ਲਈ ਜੁਗਰਾਜ ਨੇ 51ਵੇਂ ਮਿੰਟ ਵਿੱਚ ਗੋਲ ਕੀਤਾ। ਚੀਨ ਦੂਜੀ ਵਾਰ ਕਿਸੇ ਕੌਮਾਂਤਰੀ ਟੂਰਨਾਮੈਂਟ ਦਾ ਫਾਈਨਲ ਖੇਡ ਰਿਹਾ ਸੀ। ਇਸ ਤੋਂ ਪਹਿਲਾਂ ਉਸ ਨੇ ਏਸ਼ਿਆਈ ਖੇਡਾਂ 2006 ਦਾ ਫਾਈਨਲ ਖੇਡਿਆ ਸੀ, ਜਿਸ ਵਿੱਚ ਉਸ ਨੂੰ ਕੋਰੀਆ ਹੱਥੋਂ 3-1 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਅੱਜ ਇਸ ਤੋਂ ਪਹਿਲਾਂ ਪਾਕਿਸਤਾਨ ਨੇ ਦੱਖਣੀ ਕੋਰੀਆ ਨੂੰ 5-2 ਨਾਲ ਹਰਾ ਕੇ ਛੇ ਟੀਮਾਂ ਦੇ ਟੂਰਨਾਮੈਂਟ ਵਿੱਚ ਤੀਜਾ ਸਥਾਨ ਹਾਸਲ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ *ਬਾਕੀ ਸਫਾ 2 'ਤੇ

# ਲੇਬਨਾਨ 'ਚ ਵਾਕੀ-ਟਾਕੀ ਨਾਲ ਹੋਇਆ ਧਮਾਕਾ

## 14 ਲੋਕਾਂ ਦੀ ਦਰਦਨਾਕ ਮੌਤ



ਲੇਬਨਾਨ (ਪੰਜਾਬ ਸਟਾਰ ਬਿਊਰੋ) : ਲੇਬਨਾਨ 'ਚ ਪੇਜਰ ਧਮਾਕਿਆਂ ਤੋਂ ਇਕ ਦਿਨ ਬਾਅਦ ਬੁੱਧਵਾਰ ਨੂੰ ਦੇਸ਼ ਦੇ ਕਈ ਹਿੱਸਿਆਂ 'ਚ ਇਲੈਕਟ੍ਰਾਨਿਕ ਯੰਤਰਾਂ 'ਚ ਧਮਾਕਿਆਂ ਦੀਆਂ ਘਟਨਾਵਾਂ ਵਾਪਰੀਆਂ, ਜਿਸ 'ਚ 14 ਲੋਕਾਂ ਦੀ ਮੌਤ ਹੋ ਗਈ ਅਤੇ ਲਗਭਗ 450 ਲੋਕ ਜ਼ਖਮੀ ਹੋ ਗਏ। ਹਿਜ਼ਬੁੱਲਾ ਦੇ ਸੰਚਾਰ ਨੈਟਵਰਕ ਨੂੰ ਨਿਸ਼ਾਨਾ ਬਣਾਉਣ ਦੇ ਇਰਾਦੇ ਨਾਲ ਇਜ਼ਰਾਈਲ ਵੱਲੋਂ ਸੰਭਾਵਤ ਤੌਰ 'ਤੇ ਕੀਤੇ ਗਏ ਹਮਲੇ 'ਚ ਲੇਬਨਾਨ ਅਤੇ ਸੀਰੀਆ 'ਚ ਧਮਾਕਾ ਕਰਨ ਵਾਲੇ ਪੇਜ਼ਰ ਇਕ ਹੰਗਰੀ ਦੀ ਕੰਪਨੀ ਵੱਲੋਂ ਬਣਾਏ ਗਏ ਸਨ। ਕੰਪਨੀ ਦਾ ਮੁੱਖ ਦਫਤਰ ਹੰਗਰੀ ਦੀ ਰਾਜਧਾਨੀ ਬੁਡਾਪੇਸਟ 'ਚ ਹੈ। ਤਾਈਵਾਨੀ ਕੰਪਨੀ ਗੋਲਡ ਅਪੋਲੋ ਵੱਲੋਂ ਬੁੱਧਵਾਰ ਨੂੰ ਜਾਰੀ ਕੀਤੇ ਗਏ ਇਕ ਬਿਆਨ ਦੇ ਅਨੁਸਾਰ, AR-924 ਪੇਜਰ ਦਾ ਨਿਰਮਾਣ BAC ਕੰਸਲਟਿੰਗ ਖਡਟ ਵੱਲੋਂ ਕੀਤਾ ਗਿਆ ਸੀ, ਜੋ ਕਿ ਹੰਗਰੀ ਦੀ ਰਾਜਧਾਨੀ 'ਚ ਸਥਿਤ ਹੈ।

ਬਿਆਨ 'ਚ ਕਿਹਾ ਗਿਆ ਹੈ, "ਸਹਿਯੋਗ ਸਮਝੌਤੇ ਦੇ ਅਨੁਸਾਰ, ਅਸੀਂ BAC ਨੂੰ ਨਿਰਧਾਰਿਤ ਖੇਤਰਾਂ (ਲੇਬਨਾਨ ਅਤੇ ਸੀਰੀਆ) 'ਚ ਉਤਪਾਦ ਦੀ ਵਿਕਰੀ ਲਈ ਸਾਡੇ ਬ੍ਰਾਂਡ ਟ੍ਰੇਡਮਾਰਕ ਦੀ ਵਰਤੋਂ ਕਰਨ ਦਾ ਅਧਿਕਾਰ ਦਿੱਤਾ ਹੈ ਪਰ BAC ਉਤਪਾਦ ਦੇ ਨਿਰਮਾਣ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ।'' ਹਿਜ਼ਬੁੱਲਾ ਅਧਿਕਾਰੀਆਂ ਨੇ ਕਿਹਾ ਕਿ ਵਾਕੀ-ਟਾਕੀਜ਼ ਅਤੇ ਸੋਲਰ ਡਿਵਾਈਸਾਂ ਨੂੰ ਵੀ ਕਥਿਤ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ ਸੀ। ਸਿਹਤ ਮੰਤਰਾਲੇ ਨੇ ਦੱਸਿਆ ਕਿ ਧਮਾਕਿਆਂ 'ਚ ਘੱਟੋ-ਘੱਟ *ਬਾਕੀ ਸਫਾ 2 'ਤੇ

# ਕੈਨੇਡਾ: ਜ਼ਿਮਨੀ ਚੋਣਾਂ 'ਚ ਲਿਬਰਲ ਹਾਰੀ ਜਸਟਿਨ ਟਰੂਡੋ ਨੂੰ ਦੇਣਾ ਪੈ ਸਕਦਾ ਅਸਤੀਫ਼ਾ!



ਮਾਂਟਰੀਅਲ (ਪੰਜਾਬ ਸਟਾਰ ਬਿਊਰੋ): ਕੈਨੇਡਾ ਦੀ ਸੱਤਾਧਾਰੀ ਲਿਬਰਲ ਪਾਰਟੀ ਮਾਂਟਰੀਅਲ ਸੰਸਦੀ ਹਲਕੇ ਵਿਚ ਇੱਕ ਸੁਰੱਖਿਅਤ ਸੀਟ ਹਾਰ ਗਈ ਹੈ। ਮੰਗਲਵਾਰ ਨੂੰ ਸ਼ੁਰੂਆਤੀ ਨਤੀਜਿਆਂ ਵਿਚ ਇਸ ਬਾਰੇ ਜਾਣਕਾਰੀ ਦਿੱਤੀ ਗਈ ਹੈ, ਜਿਸ ਨਾਲ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਉੱਤੇ ਅਸਤੀਫਾ ਦੇਣ ਲਈ ਹੋਰ ਦਬਾਅ ਪੈਣ ਦੀ ਸੰਭਾਵਨਾ ਹੈ। ਇਹ ਨਤੀਜਾ ਟਰੂਡੋ ਦੇ ਰਾਜਨੀਤਿਕ ਭਵਿੱਖ 'ਤੇ ਵਧੇਰੇ ਜ਼ੋਰ ਦੇਵੇਗਾ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਲਗਭਗ ਨੌਂ ਸਾਲਾਂ ਤੱਕ ਅਹੁਦੇ 'ਤੇ ਰਹਿਣ ਤੋਂ ਬਾਅਦ ਤੇਜ਼ੀ ਨਾਲ ਆਪਣੀ ਪ੍ਰਸਿੱਧੀ ਗੁਆ ਰਹੇ ਹਨ। ਜਸਟਿਨ ਟਰੂਡੋ ਨੇ ਕਿਹਾ ਕਿ ਉਹ ਪਾਰਟੀ ਦੀ ਅਗਵਾਈ ਚੋਣਾਂ ਵਿੱਚ ਕਰਨਗੇ ਜੋ ਅਕਤੂਬਰ 2025 ਦੇ ਅੰਤ ਤੱਕ ਹੋਣੀਆਂ ਹਨ।

ਇਲੈਕਸ਼ਨਜ਼ ਕੈਨੇਡਾ ਨੇ ਕਿਹਾ ਕਿ ਲਾਸਾਲੇ-ਏਮਾਰਡ-ਵਰਡਨ ਵਿਚ 100 ਫੀਸਦੀ ਵੋਟਾਂ ਦੀ ਗਿਣਤੀ ਦੇ ਨਾਲ, ਲਿਬਰਲ ਉਮੀਦਵਾਰ ਲੌਰਾ ਫਲੇਸਤੀਨੀ ਨੂੰ ਵੱਖਵਾਦੀ ਬਲਾਕ ਕਿਊਬੇਕੋਇਸ ਦੇ ਉਮੀਦਵਾਰ ਲੁਈਸ-ਫਿਲਪ ਸੌਵੇ ਨੇ *ਬਾਕੀ ਸਫਾ 2 'ਤੇ

# ਕੈਨੇਡੀਅਨ ਚੋਣਾਂ 'ਚ 27 ਪੰਜਾਬੀ ਉਮੀਦਵਾਰ ਮੈਦਾਨ 'ਚ ਨਿੱਤਰੇ

## 19 ਅਕਤੂਬਰ ਨੂੰ ਪੈਣਗੀਆਂ ਬੀ.ਸੀ ਵਿਧਾਨ ਸਭਾ ਲਈ ਵੋਟਾਂ




ਵੈਨਕੂਵਰ (ਪੰਜਾਬ ਸਟਾਰ ਬਿਊਰੋ): ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀਆਂ ਵਿਧਾਨ ਸਭਾ ਚੋਣਾਂ ਲਈ ਪੰਜਾਬੀ ਮੂਲ ਦੇ 27 ਉਮੀਦਵਾਰ ਮੈਦਾਨ ਵਿਚ ਹਨ ਅਤੇ ਇਸ ਵਾਰ ਸੱਤਾਧਾਰੀ ਐਨ.ਡੀ.ਪੀ. ਤੇ ਕੰਜ਼ਰਵੇਟਿਵ ਪਾਰਟੀ ਦਰਮਿਆਨ ਫਸਵਾਂ ਮੁਕਾਬਲਾ ਹੋ ਰਿਹਾ ਹੈ। ਦੋਹਾਂ ਪਾਰਟੀਆਂ ਦੀ ਜਿੱਤ ਦਾ ਦਾਰੋਮਦਾਰ ਸਾਊਥ ਏਸ਼ੀਅਨ, ਖਾਸ ਤੌਰ 'ਤੇ ਪੰਜਾਬੀਆਂ ਦੀਆਂ ਵੋਟਾਂ 'ਤੇ ਨਿਰਭਰ ਕਰਦਾ ਹੈ ਜਿਸ ਮੱਦੇਨਜ਼ਰ ਭਾਈਚਾਰੇ ਨਾਲ ਸਬੰਧਤ ਉਮੀਦਵਾਰਾਂ ਨੂੰ ਤਰਜੀਹ ਦਿਤੀ ਗਈ ਹੈ। ਵਿਧਾਨ ਸਭਾ ਦੀਆਂ 93 ਸੀਟਾਂ ਲਈ 19 ਅਕਤੂਬਰ ਨੂੰ ਵੋਟਾਂ ਪੈਣਗੀਆਂ ਅਤੇ ਪੰਜਾਬੀ ਉਮੀਦਵਾਰਾਂ ਵਿਚੋਂ ਸਭ ਤੋਂ ਲੰਮਾ ਤਜਰਬਰਾ ਜਗਰੂਪ ਬਰਾੜ ਕੋਲ ਹੈ ਜੋ ਸਰੀ-ਫਲੀਟਵੁੱਡ ਹਲਕੇ ਤੋਂ ਸੱਤਵੀਂ ਵਾਰ ਚੋਣ ਲੜ ਰਹੇ ਹਨ। ਪੰਜਾਬ ਦੇ ਬਠਿੰਡਾ ਜ਼ਿਲ੍ਹੇ ਨਾਲ ਸਬੰਧਤ ਜਗਰੂਪ ਬਰਾੜ ਸਿਰਫ 2013 ਵਿਚ ਚੋਣ ਹਾਰੇ।

ਭਾਰਤ ਦੀ ਬਾਸਕਟਬਾਲ ਟੀਮ ਦਾ ਹਿੱਸਾ ਰਹੇ ਜਗਰੂਪ ਬਰਾੜ ਉਚੇਰੀ ਸਿੱਖਿਆ ਲਈ ਕੈਨੇਡਾ ਆਏ ਅਤੇ ਇਥੇ ਹੀ ਵਸ ਗਏ। ਉਹ 2004 ਤੋਂ ਸਿਆਸਤ ਵਿਚ ਹਨ ਅਤੇ ਉਸੇ ਸਾਲ ਪਹਿਲੀ ਵਾਰ ਐਮ.ਐਲ.ਏ. ਵੀ ਚੁਣੇ ਗਏ ਸਨ। ਡੈਲਟਾ ਸੀਟ ਤੋਂ ਐਨ.ਡੀ.ਪੀ. ਵੱਲੋਂ ਰਵੀ ਕਾਹਲੋਂ ਨੂੰ ਮੈਦਾਨ ਵਿਚ ਉਤਾਰਿਆ ਗਿਆ ਹੈ ਜੋ ਇਸ ਵੇਲੇ ਬੀ.ਸੀ. ਦੇ ਹਾਊਸਿੰਗ ਮੰਤਰੀ ਹਨ। ਰਵੀ ਕਾਹਲੋਂ ਸਾਲ 2000 *ਬਾਕੀ ਸਫਾ 2 'ਤੇ





ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ




- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131



Jasbir Singh Hundal
Registered Credit Counsellor

www.MakeMeDebtFree.ca
416-502-3100
Unit #20 - 7015 Tranmere Drive, Mississauga, ON, L5S 1T7

A-One Truck & Trailer Repair
Specialist in Engine & Differential rebuilt
ਟਰੱਕਾਂ ਦੀ ਹਰ ਤਰ੍ਹਾਂ ਦੀ ਰਿਪੇਅਰ ਲਈ ਪਹੁੰਚੋ
647-808-9569, 416-388-1605
ਵਾਜ਼ਬ ਕੀਮਤ ਵਧੀਆ ਸਰਵਿਸ
1246 Aimco Blvd, Mississauga, ON L4W 1B2





Gill Tire Centre
ਟਰੱਕਾਂ ਦੇ ਟਾਇਰ ਵਾਜ਼ਬ ਕੀਮਤਾਂ ਵਿੱਚ ਲੈਣ ਲਈ ਪਹੁੰਚੋ ਗਿੱਲ ਟਾਇਰ ਸੈਂਟਰ
1246 Aimco Blvd, Mississauga, ON L4W 1B2
647-808-9569, 416-388-1605

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਕੈਨੇਡਾ ਹੁਣ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਟੱਡੀ ਪਰਮਿਟ ਦੀਆਂ ਸੀਮਾਵਾਂ ਅਤੇ ਵਰਕ ਪਰਮਿਟ ਯੋਗਤਾ ਨੂੰ ਹੋਰ ਸਖ਼ਤ ਕਰੇਗਾ

ਓਟਾਵਾ (ਬਲਜਿੰਦਰ ਸੇਖਾ): ਕਨੇਡਾ ਸਰਕਾਰ ਵੱਲੋਂ ਜਾਰੀ ਕੀਤਾ ਗਏ ਨਵੇਂ ਕੰਨੂਨ ਅਨੁਸਾਰ ਦੁਨੀਆ ਭਰ ਤੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸਾਲਾਨਾ ਸੀਮਾ 2024 ਵਿੱਚ 485,000 ਤੋਂ ਘਟਾ ਕੇ 2025 ਵਿੱਚ 437,000 ਕਰਨ ਦੀ ਯੋਜਨਾ ਹੈ, ਇਸ ਪੱਧਰ ਨੂੰ ਘੱਟੋ-ਘੱਟ 2026 ਤੱਕ ਬਰਕਰਾਰ ਰੱਖਦੀ ਹੈ। ਆਬਾਦੀ ਦੇ ਵਾਧੇ ਅਤੇ ਲੇਬਰ ਮਾਰਕੀਟ ਅਲਾਈਨਮੈਂਟ ਬਾਰੇ ਵਧ ਰਹੀਆਂ ਚਿੰਤਾਵਾਂ ਦੇ ਜਵਾਬ ਵਿੱਚ, ਕੈਨੇਡੀਅਨ ਸਰਕਾਰ ਆਪਣੇ ਇਮੀਗ੍ਰੇਸ਼ਨ ਵਿੱਚ ਮਹੱਤਵਪੂਰਨ ਤਬਦੀਲੀਆਂ ਲਾਗੂ ਕਰਨ ਲਈ ਤਿਆਰ ਹੈ। ਅਤੇ ਅਧਿਐਨ ਪਰਮਿਟ ਨੀਤੀਆਂ। ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਆਮਦ ਦਾ ਪ੍ਰਬੰਧਨ ਕਰਨ ਅਤੇ ਮਜ਼ਦੂਰਾਂ ਦੀ ਘਾਟ ਨੂੰ ਹੱਲ ਕਰਨ ਦੇ ਉਦੇਸ਼ ਨਾਲ, ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਮੁੱਖ ਸੁਧਾਰਾਂ ਦੀ ਘੋਸ਼ਣਾ ਕੀਤੀ ਜੋ 2025 ਤੋਂ ਲਾਗੂ ਹੋਣਗੇ। ਇਹਨਾਂ ਤਬਦੀਲੀਆਂ ਨਾਲ ਦੇਸ਼ ਦੀਆਂ ਆਰਥਿਕ ਲੋੜਾਂ ਨੂੰ ਇਸਦੇ ਇਮੀਗ੍ਰੇਸ਼ਨ ਉਦੇਸ਼ਾਂ ਨਾਲ ਬਿਹਤਰ ਸੰਤੁਲਿਤ ਕਰਨ ਦੀ ਉਮੀਦ ਹੈ।




**ਸਟੱਡੀ ਪਰਮਿਟ ਦੀ ਮਾਤਰਾ ਘਟਾਈ ਗਈ**

ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਟੱਡੀ ਪਰਮਿਟਾਂ ਵਿੱਚ 10 ਪ੍ਰਤੀਸ਼ਤ ਦੀ ਕਟੌਤੀ ਇੱਕ ਵੱਡੀ ਤਬਦੀਲੀ ਹੈ। ਸਰਕਾਰ ਦੀ ਸਾਲਾਨਾ ਸੀਮਾ 2024 ਵਿੱਚ 485,000 ਤੋਂ ਘਟਾ ਕੇ 2025 ਵਿੱਚ 437,000 ਕਰਨ ਦੀ ਯੋਜਨਾ ਹੈ, ਇਸ ਪੱਧਰ ਨੂੰ ਘੱਟੋ-ਘੱਟ 2026 ਤੱਕ ਬਰਕਰਾਰ ਰੱਖਿਆ ਜਾਵੇਗਾ। ਇਹ ਫੈਸਲਾ ਕੈਨੇਡਾ ਦੇ ਹਾਊਸਿੰਗ ਸੰਕਟ ਅਤੇ ਰਹਿਣ-ਸਹਿਣ ਦੀਆਂ ਵਧਦੀਆਂ ਲਾਗਤਾਂ ਨੂੰ ਹੱਲ ਕਰਨ ਲਈ ਵੱਧ ਰਹੇ ਜਨਤਕ ਦਬਾਅ ਤੋਂ ਬਾਅਦ ਲਿਆ ਗਿਆ ਹੈ, ਜੋ ਤੇਜ਼ੀ ਨਾਲ ਆਬਾਦੀ ਦੇ ਵਾਧੇ ਕਾਰਨ ਵਧੇ ਹਨ।

ਮੰਤਰੀ ਮਿਲਰ ਨੇ ਦੇਸ਼ ਦੀਆਂ ਵਿਕਸਤ ਲੋੜਾਂ ਨੂੰ ਪੂਰਾ ਕਰਨ ਲਈ ਇਮੀਗ੍ਰੇਸ਼ਨ ਨੀਤੀਆਂ ਨੂੰ ਅਨੁਕੂਲ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। "ਅਸੀਂ ਆਪਣੇ ਅਸਥਾਈ ਨਿਵਾਸ ਪ੍ਰੋਗਰਾਮਾਂ ਨੂੰ ਮਜ਼ਬੂਤ ਕਰਨ ਲਈ ਕਾਰਵਾਈ ਕਰ ਰਹੇ ਹਾਂ ਅਤੇ ਅੱਜ ਦੇ ਬਦਲਦੇ ਲੈਂਡਸਕੇਪ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਇੱਕ ਵਧੇਰੇ ਵਿਆਪਕ ਇਮੀਗ੍ਰੇਸ਼ਨ ਯੋਜਨਾ ਤਿਆਰ ਕਰ ਰਹੇ ਹਾਂ," ਮਿਲਰ ਨੇ ਇੱਕ ਤਾਜ਼ਾ ਪ੍ਰੈਸ ਕਾਨਫਰੰਸ ਵਿੱਚ ਕਿਹਾ। "ਸਾਡੀ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਆਪਣੀ ਅਖੰਡਤਾ ਨੂੰ ਸੁਰੱਖਿਅਤ ਰੱਖਣਾ ਚਾਹੀਦਾ ਹੈ, ਚੰਗੀ ਤਰ੍ਹਾਂ ਪ੍ਰਬੰਧਿਤ ਅਤੇ ਟਿਕਾਊ ਹੋਣਾ ਚਾਹੀਦਾ ਹੈ।"

**ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਪ੍ਰੋਗਰਾਮ ਵਿੱਚ ਬਦਲਾਅ**

ਸਟੱਡੀ ਪਰਮਿਟ ਨੰਬਰਾਂ ਨੂੰ ਘਟਾਉਣ ਤੋਂ ਇਲਾਵਾ, ਸਰਕਾਰ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ (ਫਘਾਂਫ) ਪ੍ਰੋਗਰਾਮ ਨੂੰ ਸੰਸ਼ੋਧਿਤ ਕਰਨ ਦੀ ਯੋਜਨਾ ਬਣਾ ਰਹੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਲੇਬਰ ਮਾਰਕੀਟ ਦੀਆਂ ਮੰਗਾਂ ਨਾਲ ਵਧੇਰੇ ਨਜ਼ਦੀਕੀ ਨਾਲ ਮੇਲ ਖਾਂਦਾ ਹੈ। ਵਰਤਮਾਨ ਵਿੱਚ, ਬਹੁਤ ਸਾਰੇ ਅੰਤਰਰਾਸ਼ਟਰੀ ਵਿਦਿਆਰਥੀ ਗ੍ਰੈਜੂਏਸ਼ਨ ਤੋਂ ਬਾਅਦ ਵਰਕ ਪਰਮਿਟ ਲਈ ਯੋਗ ਹਨ, ਉਹਨਾਂ ਨੂੰ ਕੈਨੇਡਾ ਵਿੱਚ ਰਹਿਣ ਅਤੇ ਕਰਮਚਾਰੀਆਂ ਵਿੱਚ ਯੋਗਦਾਨ ਪਾਉਣ ਦੀ ਇਜਾਜ਼ਤ ਦਿੰਦੇ ਹਨ। ਹਾਲਾਂਕਿ, ਨਵੇਂ ਨਿਯਮ ਸਖਤ ਮਾਪਦੰਡ ਪੇਸ਼ ਕਰਨਗੇ।

ਇਹਨਾਂ ਤਬਦੀਲੀਆਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਅਸਥਾਈ ਨਿਵਾਸੀਆਂ ਦੀਆਂ ਸਥਿਤੀਆਂ ਨੂੰ ਲੈ ਕੇ ਚਿੰਤਾਵਾਂ ਨੂੰ ਦੂਰ ਕਰਨਗੀਆਂ ਜੋ ਕੈਨੇਡੀਅਨ ਨਾਗਰਿਕਾਂ ਅਤੇ ਸਥਾਈ ਨਿਵਾਸੀਆਂ ਦੁਆਰਾ ਭਰੀਆਂ ਜਾ ਸਕਦੀਆਂ ਹਨ। ਰੋਜ਼ਗਾਰ ਮੰਤਰੀ ਰੈਂਡੀ ਬੋਇਸੋਨੌਲਟ ਨੇ ਇਸ ਟੀਚੇ ਨੂੰ ਉਜਾਗਰ ਕਰਦੇ ਹੋਏ ਕਿਹਾ, "ਇਸ ਸਮੇਂ, ਅਸੀਂ ਜਾਣਦੇ ਹਾਂ ਕਿ ਓਪਨ ਅਹੁਦਿਆਂ ਨੂੰ ਭਰਨ ਦੇ ਯੋਗ ਵਧੇਰੇ ਕੈਨੇਡੀਅਨ ਹਨ। ਅੱਜ ਅਸੀਂ ਜੋ ਤਬਦੀਲੀਆਂ ਕਰ ਰਹੇ ਹਾਂ, ਉਹ ਕੈਨੇਡੀਅਨ ਕਾਮਿਆਂ ਨੂੰ ਤਰਜੀਹ ਦੇਣਗੀਆਂ ਅਤੇ ਇਹ ਯਕੀਨੀ ਬਣਾਉਣਗੀਆਂ ਕਿ ਕੈਨੇਡੀਅਨ ਇਸ ਪ੍ਰੋਗਰਾਮ 'ਤੇ ਭਰੋਸਾ ਕਰ ਸਕਣ ਜੋ ਸਾਡੀ ਆਰਥਿਕਤਾ ਦੀਆਂ ਲੋੜਾਂ ਨੂੰ ਪੂਰਾ ਕਰ ਰਿਹਾ ਹੈ।"

ਆਬਾਦੀ ਦੇ ਵਾਧੇ ਬਾਰੇ ਉਹਨਾ ਸੰਬੋਧਨ ਕਰਦੇ ਹੋਏ ਕਿਹਾ ਕਿ ਇਸ ਸਾਲ ਦੇ ਸ਼ੁਰੂ ਵਿੱਚ, ਕਨੇਡਾ ਦੀ ਆਬਾਦੀ 41 ਮਿਲੀਅਨ ਨੂੰ ਪਾਰ ਕਰ ਗਈ, ਜਿਸ ਨਾਲ ਸਖਤ ਇਮੀਗ੍ਰੇਸ਼ਨ ਨਿਯੰਤਰਣ ਦੀ ਮੰਗ ਕੀਤੀ ਗਈ। ਸਰਕਾਰ ਨੇ ਪਹਿਲਾਂ ਹੀ 2023 ਵਿੱਚ ਨਵੇਂ ਅਧਿਐਨ ਪਰਮਿਟ ਅਰਜ਼ੀਆਂ ਦੀ ਗਿਣਤੀ ਵਿੱਚ 35 ਪ੍ਰਤੀਸ਼ਤ ਦੀ ਕਮੀ ਕਰ ਦਿੱਤੀ ਹੈ। ਤਾਜ਼ਾ ਉਪਾਵਾਂ ਦਾ ਉਦੇਸ਼ ਅਗਲੇ ਤਿੰਨ ਸਾਲਾਂ ਵਿੱਚ ਅਸਥਾਈ ਨਿਵਾਸੀਆਂ ਦੀ ਪ੍ਰਤੀਸ਼ਤਤਾ ਨੂੰ ਆਬਾਦੀ ਦੇ 6.1 ਪ੍ਰਤੀਸ਼ਤ ਤੋਂ ਘਟਾ ਕੇ 5 ਪ੍ਰਤੀਸ਼ਤ ਤੱਕ ਲਿਆਉਣਾ ਹੈ। .

ਨਵੀਆਂ ਨੀਤੀਆਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਜੀਵਨ ਸਾਥੀ ਲਈ ਵਰਕ ਪਰਮਿਟਾਂ 'ਤੇ ਹੋਰ ਪਾਬੰਦੀਆਂ ਵੀ ਲੱਗ ਗਈਆ ਹਨ। ਹੁਣ ਘੱਟੋ-ਘੱਟ 16 ਮਹੀਨਿਆਂ ਤੱਕ ਚੱਲਣ ਵਾਲੇ ਮਾਸਟਰ ਡਿਗਰੀ ਪ੍ਰੋਗਰਾਮਾਂ ਵਿੱਚ ਦਾਖਲ ਹੋਣ ਵਾਲੇ ਜੀਵਨ ਸਾਥੀ ਹੀ ਵਰਕ ਪਰਮਿਟ ਲਈ ਯੋਗ ਹੋਣਗੇ। ਇਸ ਤੋਂ ਇਲਾਵਾ, ਵਰਕ ਪਰਮਿਟ ਸਿਰਫ ਵਿਦੇਸ਼ੀ ਕਾਮਿਆਂ ਦੇ ਜੀਵਨ ਸਾਥੀ ਨੂੰ ਜਾਰੀ ਕੀਤੇ ਜਾਣਗੇ ਜੋ ਪ੍ਰਬੰਧਨ ਜਾਂ ਪੇਸ਼ੇਵਰ ਭੂਮਿਕਾਵਾਂ ਜਾਂ ਮਜ਼ਦੂਰਾਂ ਦੀ ਘਾਟ ਦਾ ਸਾਹਮਣਾ ਕਰ ਰਹੇ ਉਦਯੋਗਾਂ ਵਿੱਚ ਕੰਮ ਕਰਦੇ ਹਨ।

ਸਟੱਡੀ ਪਰਮਿਟਾਂ ਨੂੰ ਘਟਾਉਣ ਅਤੇ ਵਰਕ ਪਰਮਿਟ ਦੀ ਯੋਗਤਾ ਨੂੰ ਸਖ਼ਤ ਕਰਨ ਦਾ ਕੈਨੇਡੀਅਨ ਸਰਕਾਰ ਦਾ ਫੈਸਲਾ ਘਰੇਲੂ ਚਿੰਤਾਵਾਂ ਨੂੰ ਸੰਬੋਧਿਤ ਕਰਦੇ ਹੋਏ ਇਮੀਗ੍ਰੇਸ਼ਨ ਪ੍ਰਣਾਲੀ ਦੀ ਇਕਸਾਰਤਾ ਨੂੰ ਬਣਾਈ ਰੱਖਣ ਲਈ ਇੱਕ ਵਿਆਪਕ ਯਤਨ ਨੂੰ ਦਰਸਾਉਂਦਾ ਹੈ। ਜਿਵੇਂ ਕਿ ਦੇਸ਼ ਘਰਾਂ ਦੀ ਘਾਟ ਅਤੇ ਤਣਾਅ ਵਾਲੀਆਂ ਜਨਤਕ ਸੇਵਾਵਾਂ ਨਾਲ ਜੂਝ ਰਿਹਾ ਹੈ, ਇਹਨਾਂ ਤਬਦੀਲੀਆਂ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਇਮੀਗ੍ਰੇਸ਼ਨ ਨੀਤੀਆਂ ਟਿਕਾਊ ਅਤੇ ਕੈਨੇਡਾ ਦੇ ਲੰਬੇ ਸਮੇਂ ਦੇ ਆਰਥਿਕ ਟੀਚਿਆਂ ਦੇ ਅਨੁਸਾਰ ਹਨ।

ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਨੂੰ ਸੀਮਤ ਕਰਕੇ ਅਤੇ ਵਰਕ ਪਰਮਿਟ ਦੇ ਮਾਪਦੰਡਾਂ ਨੂੰ ਸੋਧ ਕੇ, ਸਰਕਾਰ ਇੱਕ ਹੋਰ ਸੰਤੁਲਿਤ ਇਮੀਗ੍ਰੇਸ਼ਨ ਪ੍ਰਣਾਲੀ ਬਣਾਉਣ ਦੀ ਉਮੀਦ ਕਰਦੀ ਹੈ ।

# ਕੈਨੇਡਾ 'ਚ 25 ਸਤੰਬਰ ਨੂੰ ਹੋ ਸਕਦੈ ਚੋਣਾਂ ਦਾ ਐਲਾਨ




ਔਟਵਾ : ਘੱਟ ਗਿਣਤੀ ਲਿਬਰਲ ਸਰਕਾਰ ਦਾ ਤਖ਼ਤਾ ਪਲਟਣ ਲਈ ਕੰਜ਼ਰਵੇਟਿਵ ਪਾਰਟੀ ਨੂੰ ਪਹਿਲਾ ਮੌਕਾ 24 ਸਤੰਬਰ ਨੂੰ ਮਿਲੇਗਾ ਜਦੋਂ ਵਿਰੋਧੀ ਧਿਰ ਹਾਊਸ ਆਫ਼ ਕਾਮਨਜ਼ ਵਿਚ ਆਪਣਾ ਏਜੰਡਾ ਪੇਸ਼ ਕਰਨ ਅਤੇ ਬਿਲ ਲਿਆਉਣ ਲਈ ਅਧਿਕਾਰਤ ਹੋਵੇਗੀ। ਸੂਤਰਾਂ ਨੇ ਦੱਸਿਆ ਕਿ ਮੰਗਲਵਾਰ ਨੂੰ ਇਹ ਮਤਾ ਪੇਸ਼ ਕੀਤਾ ਜਾਂਦਾ ਹੈ ਤਾਂ ਇਸ 'ਤੇ ਬਹਿਸ ਮਗਰੋਂ 25 ਸਤੰਬਰ ਨੂੰ ਵੋਟਿੰਗ ਹੋ ਸਕਦੀ ਹੈ। ਵੋਟਿੰਗ ਦੌਰਾਨ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਬਹੁਮਤ ਸਾਬਤ ਨਾ ਕਰ ਸਕੀ ਤਾਂ ਚੋਣਾਂ ਦਾ ਐਲਾਨ ਹੋ ਜਾਵੇਗਾ। ਹੁਣ ਮਸਲਾ ਇਹ ਪੈਦਾ ਹੁੰਦਾ ਹੈ ਕਿ ਕੰਜ਼ਰਵੇਟਿਵ ਪਾਰਟੀ ਨੂੰ ਬੇਵਿਸਾਹੀ ਮਤਾ ਪਾਸ ਕਰਵਾਉਣ ਲਈ ਐਨ. ਡੀ.ਪੀ. ਅਤੇ ਬਲੌਕ ਕਿਊਬੈਕ ਦੋਹਾਂ ਦੀ ਹਮਾਇਤ ਲੋੜੀਂਦੀ ਹੋਵੇਗੀ। ਉਧਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਗਲੇ ਹਫ਼ਤੇ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵਿਚ ਸ਼ਾਮਲ ਹੋਣ ਨਿਊ ਯਾਰਕ ਸ਼ਹਿਰ ਜਾ ਰਹੇ ਹਨ ਜਿਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਬੇਵਿਸਾਹੀ ਮਤੇ 'ਤੇ ਵੋਟਿੰਗ ਹੋਣ ਦੀ ਸੂਰਤ ਵਿਚ ਉਹ ਗੈਰਹਾਜ਼ਰ ਹੋਣਗੇ।

**ਟਰੂਡੋ ਸਰਕਾਰ ਵਿਰੁੱਧ 24 ਸਤੰਬਰ ਨੂੰ ਆਵੇਗਾ ਬੇਵਿਸਾਹੀ ਮਤਾ!**

ਇਸੇ ਦੌਰਾਨ ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਭਾਵੇਂ ਜਗਮੀਤ ਸਿੰਘ ਘੱਟ ਗਿਣਤੀ ਸਰਕਾਰ ਤੋਂ ਹਮਾਇਤ ਵਾਪਸ ਲੈ ਚੁੱਕੇ ਹਨ ਪਰ ਬੇਵਿਸਾਹੀ ਮਤਾ ਆਉਣ ਦੀ ਸੂਰਤ ਵਿਚ ਕੰਜ਼ਰਵੇਟਿਵ ਪਾਰਟੀ ਦਾ ਸਾਥ ਨਹੀਂ ਦੇਣਗੇ। ਦੂਜੇ ਪਾਸੇ ਬਲੌਕ ਕਿਊਬੈਕ ਵੀ ਜਲਦ ਚੋਣਾਂ ਕਰਵਾਏ ਜਾਣ ਦੇ ਪੱਖ ਵਿਚ ਨਜ਼ਰ ਨਹੀਂ ਆ ਰਹੀ ਅਤੇ ਟਰੂਡੋ ਸਰਕਾਰ ਨਾਲ ਕਈ ਮਸਲਿਆਂ 'ਤੇ ਮਤਭੇਦ ਹੋਣ ਦੇ ਬਾਵਜੂਦ ਬੇਵਿਸਾਹੀ ਮਤੇ ਤੋਂ ਟਾਲਾ ਵੱਟ ਸਕਦੀ ਹੈ। ਬਲੌਕ ਕਿਊਬੈਕ ਦੇ ਆਗੂ ਫਰਾਂਸਵਾ ਬਲੈਨਚੈਟ ਨੇ ਇਕ ਇੰਟਰਵਿਊ ਦੌਰਾਨ ਕਿਹਾ ਕਿ ਉਨ੍ਹਾਂ ਦੀ ਪਾਰਟੀ ਅੱਖਾਂ ਬੰਦ ਕਰ ਕੇ ਵੋਟ ਨਹੀਂ ਪਾਵੇਗੀ। ਕਿਊਬੈਕ ਵਾਸਤੇ ਕੁਝ ਖਾਸ ਐਲਾਨ ਹੁੰਦੇ ਹਨ ਤਾਂ ਟੋਰੀਆਂ ਦਾ ਸਾਥ ਦਿਤਾ ਜਾ ਸਕਦਾ ਹੈ ਅਤੇ ਅਜਿਹਾ ਨਾ ਹੋਣ 'ਤੇ ਮਤੇ ਤੋਂ ਦੂਰ ਹੀ ਰਹਾਂਗੇ। ਇਥੇ ਦਸਣਾ ਬਣਦਾ ਹੈ ਕਿ ਮੌਂਟਰੀਅਲ ਅਤੇ ਵਿੰਨੀਪੈਗ ਦੀਆਂ ਜ਼ਿਮਨੀ ਚੋਣਾਂ ਵਿਚ ਲਿਬਰਲ ਪਾਰਟੀ ਦੀ ਹਾਰ ਮਗਰੋਂ ਲੋਕ ਰਾਏ ਸਭ ਦੇ ਸਾਹਮਣੇ ਆ ਚੁੱਕੀ ਹੈ ਪਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਹੁਣ ਵੀ ਹਾਲਾਤ ਠੀਕ ਹੋਣ ਦੀ ਉਮੀਦ ਕਰ ਰਹੇ ਹਨ। ਦੂਜੇ ਪਾਸੇ ਕੰਜ਼ਰਵੇਟਿਵ ਪਾਰਟੀ ਦੇ ਆਗੂ ਪਿਅਰੇ ਪੋਇਲੀਐਵ ਇਕ ਸਾਲ ਉਡੀਕ ਕਰਨ ਦੇ ਮੂਡ ਵਿਚ ਨਜ਼ਰ ਨਹੀਂ ਆਉਂਦੇ ਅਤੇ ਜਲਦ ਤੋਂ ਜਲਦ ਚੋਣਾਂ ਕਰਵਾਉਂਦਿਆਂ ਪ੍ਰਧਾਨ ਮੰਤਰੀ ਦੀ ਕੁਰਸੀ ਸੰਭਾਲਣਾ ਚਾਹੁੰਦੇ ਹਨ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia
# M08006400
Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre



# ਪੇਜ ਇੱਕ ਦੀ ਬਾਕੀ

## ਯਾਗੀ ਤੂਫ਼ਾਨ ਕਾਰਨ...

ਘਰੇਲੂ ਜੰਗ ਨਾਲ ਜੂਝ ਰਿਹਾ ਹੈ। ਆਜ਼ਾਦ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਸੱਤਾਧਾਰੀ ਫੌਜ ਦਾ ਦੇਸ਼ ਦੇ ਅੱਧੇ ਤੋਂ ਵੀ ਘੱਟ ਹਿੱਸੇ 'ਤੇ ਕਬਜ਼ਾ ਹੈ। ਆਸਿਆਨ ਕੋਆਰਡੀਨੇਟਿੰਗ ਸੈਂਟਰ ਫਾਰ ਹਿਊਮਨਿਟੇਰੀਅਨ ਅਸਿਸਟੈਂਸ ਮੁਤਾਬਕ ਤੂਫ਼ਾਨ 'ਯਾਗੀ' ਨੇ ਸਭ ਤੋਂ ਪਹਿਲਾਂ ਵੀਅਤਨਾਮ, ਉੱਤਰੀ ਥਾਈਲੈਂਡ ਅਤੇ ਲਾਓਸ ਨੂੰ ਪ੍ਰਭਾਵਿਤ ਕੀਤਾ ਸੀ। ਵੀਅਤਨਾਮ ਵਿੱਚ ਲਗਪਗ 300, ਥਾਈਲੈਂਡ ਵਿੱਚ 42 ਅਤੇ ਲਾਓਸ ਵਿੱਚ ਚਾਰ ਮੌਤਾਂ ਹੋਈਆਂ ਹਨ। ਸੈਂਟਰ ਨੇ ਕਿਹਾ ਕਿ ਫਿਲਪੀਨਜ਼ ਵਿੱਚ 21 ਲੋਕ ਮਾਰੇ ਗਏ, ਜਦੋਂਕਿ 26 ਲਾਪਤਾ ਹਨ।

## ਕੈਨੇਡਾ : ਲੋਕਾਂ ਨੇ ਟਰੂਡੋ...

ਜਗਮੀਤ ਸਿੰਘ ਨੂੰ ਸਵਾਲ ਕਰਦਾ ਹੈ ਕਿ ਜਸਟਿਨ ਟਰੂਡੋ ਦੀ ਸਰਕਾਰ ਵਿਰੁੱਧ ਬੇਵਿਸਾਹੀ ਮਤਾ ਆਉਣ 'ਤੇ ਕੀ ਉਹ ਮਤੇ ਦੀ ਹਮਾਇਤ ਕਰਨਗੇ।

**ਮੁਜ਼ਾਹਰਾਕਾਰੀਆਂ ਨਾਲ ਭਿੜ ਗਿਆ ਇਕੱਲਾ ਸਿੱਖ ਆਗੂ**

ਇਸੇ ਦੌਰਾਨ ਜਗਮੀਤ ਸਿੰਘ ਮੁਜ਼ਾਹਰਕਾਰੀਆਂ ਵੱਲ ਮੁੜਦੇ ਹੋਏ ਦਬਕਾ ਮਾਰਦੇ ਹਨ ਕਿ ਕੌਣ ਗਲਤ ਬੋਲ ਰਿਹਾ ਹੈ। ਜਗਮੀਤ ਸਿੰਘ ਉਨ੍ਹਾਂ ਨੂੰ ਡਰਪੋਕ ਵੀ ਕਹਿੰਦੇ ਹਨ ਜੋ ਮੂੰਹ 'ਤੇ ਗੱਲ ਕਰਨ ਤੋਂ ਡਰ ਗਏ। ਜਿਉਂ ਹੀ ਜਗਮੀਤ ਸਿੰਘ ਸੰਸਦ ਵੱਲ ਮੁੜਦੇ ਹਨ ਤਾਂ ਇਕ ਵਿਖਾਵਾਕਾਰੀ ਸਵਾਲ ਕਰਦਾ ਹੈ ਕਿ ਕੀ ਇਸੇ ਗੁੱਸੇ ਕਰ ਕੇ ਤੁਸੀਂ ਰੂਸ ਨਾਲ ਜੰਗ ਦਾ ਰਾਹ ਚੁਣਿਆ? ਜਗਮੀਤ ਸਿੰਘ ਨੇ ਇਸ ਘਟਨਾ ਬਾਰੇ ਐਕਸ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਇਸ ਵੇਲੇ ਔਟਵਾ ਵਿਚ ਨਫ਼ਰਤ ਫੈਲਾਈ ਜਾ ਰਹੀ ਹੈ ਅਤੇ ਗੁੰਡਾਗਰਦ ਤਾਕਤਾਂ ਉਨ੍ਹਾਂ ਕੈਨੇਡੀਅਨ ਨੂੰ ਤੰਗ ਪ੍ਰੇਸ਼ਾਨ ਕਰਦੀਆਂ ਹਨ ਜੋ ਉਨ੍ਹਾਂ ਨਾਲ ਸਹਿਮਤ ਨਹੀਂ ਹੁੰਦੇ। ਮੂਲ ਬਾਸ਼ਿੰਦਿਆਂ ਨਾਲ ਸਬੰਧਤ ਇਕ ਔਰਤ ਨੂੰ ਨਾਜ਼ੀ ਦੱਸਿਆ ਜਾਂਦਾ ਹੈ ਅਤੇ ਪੱਤਰਕਾਰਾਂ ਬਾਰੇ ਫਿਕਰੇ ਕਸੇ ਜਾ ਰਹੇ ਹਨ। ਸ਼ਾਇਦ ਪਿਅਰੇ ਪੋਇਲੀਐਵ ਅਜਿਹਾ ਮੁਲਕ ਚਾਹੁੰਦੇ ਹਨ। ਜਗਮੀਤ ਸਿੰਘ ਨੇ ਅੱਗੇ ਕਿਹਾ ਕਿ ਗਲੀਆਂ ਵਿਚੋਂ ਲੰਘਦਿਆਂ ਹਰ ਇਕ ਨੂੰ ਸੁਰੱਖਿਅਤ ਮਹਿਸੂਸ ਹੋਣਾ ਚਾਹੀਦਾ ਹੈ। ਦੱਸ ਦੇਈਏ ਕਿ ਇਹ ਪਹਿਲੀ ਵਾਰ ਨਹੀਂ ਜਦੋਂ ਸਿੱਖ ਚਿਹਰਾ ਹੋਣ ਕਰ ਕੇ ਜਗਮੀਤ ਸਿੰਘ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

## ਭਾਰਤ ਪੰਜਵੀਂ ਵਾਰ...

ਨੇ ਭਾਰਤੀ ਟੀਮ ਨੂੰ ਜਿੱਤ ਦੀ ਵਧਾਈ ਦਿੱਤੀ ਹੈ। ਖ਼ਿਤਾਬ ਦੀ ਮਜ਼ਬੂਤ ਦਾਅਵੇਦਾਰ ਵਜੋਂ ਮੈਦਾਨ ਵਿੱਚ ਉਤਰੀ ਭਾਰਤੀ ਟੀਮ ਨੇ ਪਹਿਲੇ ਲੀਗ ਮੈਚ ਵਿੱਚ ਚੀਨ ਨੂੰ 3-0 ਨਾਲ ਹਰਾਇਆ ਸੀ ਪਰ ਫਾਈਨਲ ਮੁਕਾਬਲਾ ਕਾਫੀ ਸਖ਼ਤ ਰਿਹਾ। ਪਹਿਲੇ ਦੋ ਕੁਆਰਟਰਾਂ ਵਿੱਚ ਭਾਰਤ ਨੇ ਗੋਲ ਕਰਨ ਦੇ ਕਈ ਮੌਕੇ ਬਣਾਏ ਪਰ ਚੀਨ ਵੀ ਜਵਾਬੀ ਹਮਲੇ ਵਿੱਚ ਪਿੱਛੇ ਨਹੀਂ ਰਿਹਾ। ਰਾਜਕੁਮਾਰ ਪਾਲ ਨੇ ਪਹਿਲਾ ਹਮਲਾ ਕੀਤਾ ਜਿਸ ਨੂੰ ਚੀਨ ਦੇ ਗੋਲਕੀਪਰ ਵਾਂਗ ਵੇਹਾਓ ਨੇ ਬਚਾ ਲਿਆ। ਰਾਜਕੁਮਾਰ ਨੇ ਦਸਵੇਂ ਮਿੰਟ ਵਿੱਚ ਭਾਰਤ ਨੂੰ ਪਹਿਲਾ ਪੈਨਲਟੀ ਕਾਰਨਰ ਦਿਵਾਇਆ ਪਰ ਹਰਮਨਪ੍ਰੀਤ ਸਿੰਘ ਇਸ 'ਤੇ ਗੋਲ ਨਹੀਂ ਕਰ ਸਕਿਆ। ਦੋ ਮਿੰਟ ਬਾਅਦ ਨੀਲਕਾਂਤ ਸ਼ਰਮਾ ਦੇ ਸ਼ਾਟ ਨੂੰ ਵੀ ਵਾਂਗ ਨੇ ਬਚਾਅ ਲਿਆ ਅਤੇ ਅਗਲੇ ਹੀ ਮਿੰਟ ਵਿੱਚ ਸੁਖਜੀਤ ਸਿੰਘ ਨੂੰ ਵੀ ਉਸ ਨੇ ਗੋਲ ਨਹੀਂ ਕਰਨ ਦਿੱਤਾ। ਪਹਿਲੇ ਕੁਆਰਟਰ ਤੋਂ ਕੁਝ ਸੈਕਿੰਡ ਪਹਿਲਾਂ ਚੀਨ ਨੂੰ ਪੈਨਲਟੀ ਕਾਰਨਰ ਮਿਲਿਆ ਪਰ ਕ੍ਰਿਸ਼ਨ ਬਹਾਦਰ ਪਾਠਕ ਗੋਲ ਦੇ ਸਾਹਮਣੇ ਤਿਆਰ ਸੀ। ਦੂਜੇ ਕੁਆਰਟਰ 'ਚ ਵੀ ਕਹਾਣੀ ਇਹੀ ਰਹੀ। ਇਸ ਵਾਰ ਵੀ ਭਾਰਤ ਦੇ ਹੱਥ ਸਫਲਤਾ ਨਾ ਲੱਗੀ। ਸੁਖਜੀਤ ਨੇ 27ਵੇਂ ਮਿੰਟ 'ਚ ਭਾਰਤ ਨੂੰ ਪੈਨਲਟੀ ਕਾਰਨਰ ਦਿਵਾਇਆ ਪਰ ਹਰਮਨਪ੍ਰੀਤ ਅਸਫਲ ਰਿਹਾ। ਦੂਜੇ ਅੱਧ 'ਚ ਚੀਨੀ ਫਾਰਵਰਡ ਲਾਈਨ ਨੇ ਲਗਾਤਾਰ ਹਮਲੇ ਕੀਤੇ ਅਤੇ 38ਵੇਂ ਮਿੰਟ 'ਚ ਪੈਨਲਟੀ ਬਣਾਇਆ ਪਰ ਭਾਰਤੀ ਡਿਫੈਂਸ ਚੌਕਸ ਸੀ। ਚੀਨ ਨੂੰ 40ਵੇਂ ਮਿੰਟ 'ਚ ਵੀ ਲਗਾਤਾਰ ਦੋ ਪੈਨਲਟੀ ਕਾਰਨਰ ਮਿਲੇ, ਜਿਸ 'ਤੇ ਭਾਰਤੀ ਗੋਲਕੀਪਰ ਪਾਠਕ ਨੇ ਗੋਲ ਨਹੀਂ ਹੋਣ ਦਿੱਤਾ। ਭਾਰਤ ਦੇ ਗੋਲ ਦਾ ਸੂਤਰਧਾਰ ਹਰਮਨਪ੍ਰੀਤ ਰਿਹਾ। ਉਹ ਸ਼ਾਨਦਾਰ ਖੇਡ ਦਿਖਾਉਂਦਿਆਂ ਚੀਨੀ ਸਰਕਲ ਵਿੱਚ ਦਾਖਲ ਹੋਇਆ ਅਤੇ ਗੇਂਦ ਜੁਗਰਾਜ ਨੂੰ ਸੌਂਪ ਦਿੱਤੀ, ਜਿਸ ਨੇ ਗੋਲ ਕਰਨ ਵਿੱਚ ਕੋਈ ਗਲਤੀ ਨਹੀਂ ਕੀਤੀ। ਹੂਟਰ ਵੱਜਣ ਤੋਂ ਚਾਰ ਮਿੰਟ ਪਹਿਲਾਂ ਚੀਨ ਨੇ ਆਪਣਾ ਗੋਲਕੀਪਰ ਹਟਾ ਕੇ ਵਾਧੂ ਖਿਡਾਰੀ ਮੈਦਾਨ ਵਿੱਚ ਉਤਾਰਿਆ ਪਰ ਬਰਾਬਰੀ ਦਾ ਗੋਲ ਨਾ ਕਰ ਸਕਿਆ।

## ਲੇਬਨਾਨ 'ਚ ਵਾਕੀ-ਟਾਕੀ...

14 ਲੋਕ ਮਾਰੇ ਗਏ ਅਤੇ ਕਰੀਬ 450 ਹੋਰ ਜ਼ਖਮੀ ਹੋ ਗਏ। ਘਟਨਾ ਸਥਾਨ 'ਤੇ ਐਸੋਸੀਏਟਿਡ ਪ੍ਰੈਸ ਦੇ ਪੱਤਰਕਾਰਾਂ ਨੇ ਕਿਹਾ ਕਿ ਬੇਰੂਤ 'ਚ ਇਕ ਦਿਨ ਪਹਿਲਾਂ ਇਕ ਪੇਜ਼ਰ ਧਮਾਕੇ 'ਚ ਮਾਰੇ ਗਏ ਤਿੰਨ ਹਿਜ਼ਬੁੱਲਾ ਮੈਂਬਰਾਂ ਅਤੇ ਇਕ ਬੱਚੇ ਦੇ ਅੰਤਿਮ ਸੰਸਕਾਰ ਮੌਕੇ ਕਈ ਧਮਾਕੇ ਵੀ ਸੁਣੇ ਗਏ ਸਨ। ਦੱਖਣੀ ਤੱਟੀ ਸ਼ਹਿਰ ਸਿਡਨ 'ਚ ਇਕ ਏਪੀ ਫੋਟੋਗ੍ਰਾਫਰ ਨੇ ਇਕ ਕਾਰ ਅਤੇ ਇਕ ਮੋਬਾਈਲ ਫੋਨ ਦੀ ਦੁਕਾਨ ਨੂੰ ਧਮਾਕਿਆਂ ਨਾਲ ਨੁਕਸਾਨਿਆ ਹੋਇਆ ਦੇਖਿਆ।

ਹਿਜ਼ਬੁੱਲਾ ਦੇ ਇਕ ਅਧਿਕਾਰੀ, ਜਿਸ ਨੇ ਪਛਾਣ ਹੋਣ ਤੋਂ ਇਨਕਾਰ ਕਰ ਦਿੱਤਾ, ਨੇ ਏਪੀ ਨੂੰ ਦੱਸਿਆ ਕਿ ਧਮਾਕਾ ਸਮੂਹ ਵੱਲੋਂ ਵਰਤੀ ਗਈ ਵਾਕੀ-ਟਾਕੀ 'ਤੇ ਕੀਤਾ ਗਿਆ ਸੀ। ਲੇਬਨਾਨ ਦੀ ਸਰਕਾਰੀ ਨਿਊਜ਼ ਏਜੰਸੀ ਨੇ ਦੱਸਿਆ ਕਿ ਬੇਰੂਤ ਅਤੇ ਦੱਖਣੀ ਲੇਬਨਾਨ ਦੇ ਕਈ ਖੇਤਰਾਂ 'ਚ ਘਰਾਂ 'ਚ ਇਕ ਸੂਰਜੀ ਊਰਜਾ ਪ੍ਰਣਾਲੀ 'ਚ ਧਮਾਕਾ ਹੋਇਆ, ਜਿਸ 'ਚ ਘੱਟੋ-ਘੱਟ ਇਕ ਲੜਕੀ ਜ਼ਖ਼ਮੀ ਹੋ ਗਈ। ਇਹ ਧਮਾਕੇ ਅਜਿਹੇ ਸਮੇਂ 'ਚ ਹੋਏ ਹਨ ਜਦੋਂ ਮੰਗਲਵਾਰ ਨੂੰ ਦੇਸ਼ ਭਰ 'ਚ ਲੜੀਵਾਰ ਪੇਜਰ ਧਮਾਕਿਆਂ ਤੋਂ ਬਾਅਦ ਲੇਬਨਾਨ 'ਚ ਭੰਬਲਭੂਸਾ ਅਤੇ ਗੁੱਸਾ ਹੈ। ਲੇਬਨਾਨ ਅਤੇ ਸੀਰੀਆ ਦੇ ਕੁਝ ਹਿੱਸਿਆਂ 'ਚ ਹਿਜ਼ਬੁੱਲਾ ਦੇ ਮੈਂਬਰਾਂ ਵੱਲੋਂ ਵਰਤੇ ਗਏ ਸੈਂਕੜੇ ਪੇਜਰਾਂ ਦੇ ਧਮਾਕੇ 'ਚ ਦੋ ਬੱਚਿਆਂ ਸਮੇਤ ਘੱਟੋ ਘੱਟ 12 ਲੋਕ ਮਾਰੇ ਗਏ ਅਤੇ ਲਗਭਗ 2,800 ਹੋਰ ਜ਼ਖਮੀ ਹੋ ਗਏ।

ਇਨ੍ਹਾਂ ਧਮਾਕਿਆਂ ਨੇ ਇਜ਼ਰਾਈਲ ਅਤੇ ਹਿਜ਼ਬੁੱਲਾ ਦਰਮਿਆਨ ਤਣਾਅ ਨੂੰ ਵਧਾ ਦਿੱਤਾ ਹੈ, ਜਿਸ ਨਾਲ ਪੂਰੇ ਪੱਧਰ ਦੇ ਯੁੱਧ 'ਚ ਵਧਣ ਦੀ ਧਮਕੀ ਦਿੱਤੀ ਗਈ ਹੈ। ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕੇਨ ਨੇ ਬੁੱਧਵਾਰ ਨੂੰ ਕਿਹਾ ਕਿ ਅਮਰੀਕਾ ਅਜੇ ਵੀ ਇਸ ਗੱਲ ਦਾ ਮੁਲਾਂਕਣ ਕਰ ਰਿਹਾ ਹੈ ਕਿ ਇਹ ਹਮਲਾ ਗਾਜ਼ਾ 'ਚ ਇਜ਼ਰਾਈਲ-ਹਮਾਸ ਯੁੱਧ 'ਚ ਜੰਗਬੰਦੀ ਦੀ ਗੱਲਬਾਤ ਦੀਆਂ ਕੋਸ਼ਿਸ਼ਾਂ ਨੂੰ ਕਿਵੇਂ ਪ੍ਰਭਾਵਿਤ ਕਰ ਸਕਦਾ ਹੈ। ਪੂਰੀ ਘਟਨਾ ਦੀ ਜਾਣਕਾਰੀ ਰੱਖਣ ਵਾਲੇ ਇਕ ਅਧਿਕਾਰੀ ਨੇ ਕਿਹਾ ਕਿ ਸਾਵਧਾਨੀ ਦੇ ਤੌਰ 'ਤੇ ਇਜ਼ਰਾਈਲ ਨੇ ਬੁੱਧਵਾਰ ਨੂੰ ਲੇਬਨਾਨ ਨਾਲ ਲੱਗਦੀ ਆਪਣੀ ਸਰਹੱਦ 'ਤੇ ਫੌਜਾਂ ਦੀ ਤਾਇਨਾਤੀ ਵਧਾਉਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।

## ਜਸਟਿਨ ਟਰੂਡੋ ਨੂੰ...

ਹਰਾ ਦਿੱਤਾ ਹੈ ਤੇ ਲੌਰਾ ਦੂਜੇ ਸਥਾਨ 'ਤੇ ਰਹੀ ਹੈ। ਬਲਾਕ ਦੇ ਉਮੀਦਵਾਰ ਨੂੰ 28 ਫੀਸਦੀ, ਫਲਸਤੀਨੀ ਨੂੰ 27.2 ਫੀਸਦੀ ਤੇ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਨੂੰ 26.1 ਫੀਸਦੀ ਵੋਟਾਂ ਮਿਲੀਆਂ ਹਨ। ਇਹ ਚੋਣ ਇੱਕ ਲਿਬਰਲ ਵਿਧਾਇਕ ਦੀ ਥਾਂ ਲੈਣ ਲਈ ਕਰਵਾਈ ਗਈ ਸੀ ਜਿਸਨੇ ਅਸਤੀਫਾ ਦੇ ਦਿੱਤਾ ਸੀ। ਕਿਊਬਿਕ ਹਲਕੇ ਦੀ ਨੁਮਾਇੰਦਗੀ ਕਰਨ ਵਾਲੀ ਲਿਬਰਲ ਸੰਸਦ ਮੈਂਬਰ ਅਲੈਗਜ਼ੈਂਡਰਾ ਮੈਂਡੇਜ਼ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਬਹੁਤ ਸਾਰੇ ਲੋਕ ਟਰੂਡੋ ਨੂੰ ਦੁਬਾਰਾ ਨਹੀਂ ਦੇਖਣਾ ਚਾਹੁੰਦੇ। 2021 ਦੀਆਂ ਆਮ ਚੋਣਾਂ ਵਿੱਚ, ਲਿਬਰਲਾਂ ਨੇ ਮਾਂਟਰੀਅਲ ਸੀਟ 43 ਫੀਸਦੀ ਵੋਟਾਂ ਨਾਲ ਜਿੱਤੀ। ਇਸ ਦੌਰਾਨ ਬਲਾਕ ਕਿਊਬੇਕੋਇਸ ਤੋਂ 22 ਫੀਸਦੀ ਅਤੇ ਐੱਨਡੀਪੀ 19 ਫੀਸਦੀ ਵੋਟਾਂ ਮਿਲੀਆਂ ਸਨ।

ਪੋਲ ਸੁਝਾਅ ਦਿੰਦੇ ਹਨ ਕਿ ਲਿਬਰਲ ਅਗਲੀਆਂ ਫੈੱਡਰਲ ਚੋਣਾਂ ਵਿੱਚ ਪਿਏਰੇ ਪੋਇਲੀਵਰ ਦੇ ਸੱਜੇ-ਕੇਂਦਰ ਦੇ ਕੰਜ਼ਰਵੇਟਿਵਾਂ ਤੋਂ ਬੁਰੀ ਤਰ੍ਹਾਂ ਹਾਰ ਜਾਣਗੇ। ਪਿਛਲੇ ਹਫਤੇ ਇੱਕ ਲੇਜਰ ਪੋਲ ਨੇ ਕੰਜ਼ਰਵੇਟਿਵਾਂ ਨੂੰ 45 ਫੀਸਦੀ ਜਨਤਕ ਸਮਰਥਨ 'ਤੇ ਰੱਖਿਆ, ਇਸ ਦੌਰਾਨ ਲਿਬਰਲ 25 ਫੀਸਦੀ ਦੇ ਨਾਲ ਦੂਜੇ ਸਥਾਨ 'ਤੇ ਹਨ। ਹਾਲ ਦੇ ਸਮੇਂ ਵਿਚ ਟਰੂਡੋ ਦੀ ਲੋਕਪ੍ਰਿਅਤਾ ਵਿਚ ਗਿਰਾਵਟ ਆਈ ਹੈ ਕਿਉਂਕਿ ਕੈਨੇਡਾ ਰਹਿਣ-ਸਹਿਣ ਦੀਆਂ ਲਾਗਤਾਂ ਵਿਚ ਵਾਧੇ ਅਤੇ ਰਿਹਾਇਸ਼ੀ ਸੰਕਟ ਨਾਲ ਜੂਝ ਰਿਹਾ ਹੈ। ਇਸ ਦੇ ਨਾਲ ਹੀ ਵਿਦੇਸ਼ੀ ਵਿਦਿਆਰਥੀਆਂ ਦਾ ਮੁੱਦਾ ਵੀ ਇਸ ਨੂੰ ਹੋਰ ਕਮਜ਼ੋਰ ਕਰਨ ਦਾ ਇਕ ਕਾਰਨ ਰਿਹਾ ਹੈ।

## ਕੈਨੇਡੀਅਨ ਚੋਣਾਂ 'ਚ...

ਦੀਆਂ ਸਿਡਨੀ ਓਲੰਪਿਕਸ ਅਤੇ 2008 ਦੀਆਂ ਬੀਜਿੰਗ ਓਲੰਪਿਕਸ ਵਿਚ ਬਤੌਰ ਹਾਕੀ ਖਿਡਾਰੀ ਕੈਨੇਡਾ ਦੀ ਨੁਮਾਇੰਦਗੀ ਕਰ ਚੁੱਕੇ ਹਨ। ਐਜੂਕੇਸ਼ਨ ਅਤੇ ਚਾਈਲਡ ਕੇਅਰ ਮੰਤਰੀ ਰਚਨਾ ਸਿੰਘ ਤੀਜੀ ਵਾਰ ਸਰੀ ਨੌਰਥ ਹਲਕੇ ਤੋਂ ਐਨ.ਡੀ.ਪੀ. ਦੀ ਟਿਕਟ 'ਤੇ ਮੈਦਾਨ ਵਿਚ ਹਨ। ਦਿੱਲੀ ਵਿਚ ਜੰਮੀ ਰਚਨਾ ਸਿੰਘ ਦੀ ਪਰਵਰਿਸ਼ ਚੰਡੀਗੜ੍ਹ ਵਿਖੇ ਹੋਈ ਅਤੇ ਪੰਜਾਬ ਯੂਨੀਵਰਸਿਟੀ ਤੋਂ ਮਾਸਟਰਜ਼ ਡਿਗਰੀ ਹਾਸਲ ਕੀਤੀ। ਸੂਬਾ ਵਿਧਾਨ ਸਭਾ ਦੇ ਸਪੀਕਰ ਰਾਜ ਚੌਹਾਨ ਵੀ ਸਿਆਸਤ ਵਿਚ ਲੰਮਾ ਤਜਰਬਾ ਰਖਦੇ ਹਨ ਜੋ 2005 ਵਿਚ ਪਹਿਲੀ ਵਾਰ ਵਿਧਾਇਕ ਚੁਣੇ ਗਏ ਅਤੇ ਇਸ ਮਗਰੋਂ 2009, 2013, 2017 ਅਤੇ 2020 ਵਿਚ ਮੁੜ ਜਿੱਤ ਹਾਸਲ ਕੀਤੀ। ਬਰਨਬੀ-ਐਡਮੰਡਜ਼ ਹਲਕੇ ਤੋਂ ਐਨ.ਡੀ.ਪੀ. ਦੇ ਉਮੀਦਵਾਰ ਰਾਜ ਚੌਹਾਨ 2013 ਤੋਂ 2017 ਦਰਮਿਆਨਅ ਸਹਾਇਕ ਡਿਪਟੀ ਸਪੀਕਰ ਰਹੇ ਅਤੇ 2017 ਤੋਂ 2020 ਦਰਮਿਆਨ ਡਿਪਟੀ ਸਪੀਕਰ ਦੀਆਂ ਸੇਵਾਵਾਂ ਨਿਭਾਈਆਂ। ਵਿਰੋਧੀ ਧਿਰ ਵਿਚ ਹੁੰਦਿਆਂ ਉਨ੍ਹਾਂ ਨੇ ਇੰਮੀਗ੍ਰੇਸ਼ਨ, ਮੈਂਟਲ ਹੈਲਥ ਅਤੇ ਕਿਰਤ ਮਾਮਲਿਆਂ ਦੇ ਆਲੋਚਕ ਦਾ ਫਰਜ਼ ਅਦਾ ਕੀਤਾ।

ਹੋਰਨਾਂ ਪੰਜਾਬੀ ਉਮੀਦਵਾਰਾਂ ਵਿਚ ਕੈਮਲੂਪਸ ਸੈਂਟਰ ਤੋਂ ਐਨ.ਡੀ.ਪੀ. ਵੱਲੋਂ ਕਮਲ ਗਰੇਵਾਲ ਨੂੰ ਮੈਦਾਨ ਵਿਚ ਉਤਾਰਿਆ ਗਿਆ ਹੈ ਜਦਕਿ ਕੈਲੋਨਾ-ਮਿਸ਼ਨ ਤੋਂ ਹਰਪ੍ਰੀਤ ਬੱਦੋਵਾਲ ਉਮੀਦਵਾਰ ਹਨ। ਵਰਨਨ-ਲੰਬੀ ਸੀਟ ਤੋਂ ਹਰਵਿੰਦਰ ਸੰਧੂ, ਸਰੀ-ਸਰਪਨਟਾਈਨ ਰਿਵਰ ਤੋਂ ਬਲਤੇਜ ਢਿੱਲੋਂ, ਰਿਚਮੰਡ ਕੁਈਨਜ਼ਬ੍ਰੋਅ ਤੋਂ ਅਮਨ ਸਿੰਘ, ਬਰਨਬੀ ਸੈਂਟਰ ਤੋਂ ਐਨੀ ਕੰਗ, ਬਰਨਬੀ ਈਸਟ ਤੋਂ ਰੀਆ ਅਰੋੜਾ, ਵੈਨਕੂਵਰ ਹੇਸਟਿੰਗਜ਼ ਤੋਂ ਨਿੱਕੀ ਸ਼ਰਮਾ, ਵੈਨਕੂਵਰ ਲੰਗਾਰਾ ਤੋਂ ਸੁਨੀਤਾ ਧੀਰ, ਲੈਂਗਫੋਰਡ ਹਾਈਲੈਂਡ ਤੋਂ ਰਵੀ ਪਰਮਾਰ ਅਤੇ ਸਰੀ ਪੈਨੋਰਮਾ ਤੋਂ ਜਿਨੀ ਸਿਮਜ਼ ਮੈਦਾਨ ਵਿਚ ਹਨ।

ਦੂਜੇ ਪਾਸੇ ਕੰਜ਼ਰਵੇਟਿਵ ਪਾਰਟੀ ਵੱਲੋਂ ਐਬਸਫੋਰਡ ਤੋਂ ਹਰਮਨ ਭੰਗੂ, ਸਰੀ ਫਲੀਟਵੁੱਡ ਤੋਂ ਅਵਤਾਰ ਗਿੱਲ, ਸਰੀ ਗਿਲਫਰਡ ਤੋਂ ਐਚ.ਐਸ. ਰੰਧਾਵਾ, ਸਰੀ ਨਿਊਟਨ ਤੋਂ ਤੇਗਜੋਤ ਬੱਲ, ਸਰੀ ਨੌਰਥ ਤੋਂ ਮਨਦੀਪ ਧਾਲੀਵਾਲ, ਬਰਨਬੀ ਵੈਸਟਮਿੰਸਟਰ ਤੋਂ ਦੀਪਕ ਸੂਰੀ ਅਤੇ ਵੈਨਕੂਵਰ-ਫਰੇਜ਼ਰਵਿਊ ਤੋਂ ਜਗਦੀਪ ਸੰਘੇੜਾ ਚੋਣ ਲੜ ਰਹੇ ਹਨ। ਗਰੀਨ ਪਾਰਟੀ ਵੱਲੋਂ ਸਰੀ-ਗਿਲਫਰਡ ਤੋਂ ਮਨਜੀਤ ਸਹੋਤਾ ਨੂੰ ਉਮੀਦਵਾਰ ਬਣਾਇਆ ਗਿਆ ਹੈ ਜਦਕਿ ਪਵਨੀਤ ਸਿੰਘ, ਅਮਨਦੀਪ ਸਿੰਘ, ਅੰਮ੍ਰਿਤ ਬੜਿੰਗ ਅਤੇ ਦੁਪਿੰਦਰ ਸਰਾਂ ਆਜ਼ਾਦ ਉਮੀਦਵਾਰ ਵਜੋਂ ਕਿਸਮਤ ਅਜ਼ਮਾਅ ਰਹੇ ਹਨ। ਇਥੇ ਦਸਣਾ ਬਣਦਾ ਹੈ ਕਿ 2020 ਦੀਆਂ ਵਿਧਾਨ ਸਭਾ ਚੋਣਾਂ ਵਿਚ ਅੱਠ ਪੰਜਾਬੀ ਜੇਤੂ ਰਹੇ ਸਨ ਜਿਨ੍ਹਾਂ ਵਿਚੋਂ ਸੱਤ ਦੁਬਾਰਾ ਚੋਣ ਲੜ ਰਹੇ ਹਨ। ਦੂਜੇ ਪਾਸੇ 2005 ਤੋਂ ਐਨ.ਡੀ.ਪੀ. ਦੇ ਵਿਧਾਇਕ ਰਹੇ ਹੈਰੀ ਬੈਂਸ ਸਿਆਸਤ ਤੋਂ ਸੰਨਿਆਸ ਲੈ ਚੁੱਕੇ ਹਨ।

# ਹਮਲੇ ਲਈ ਬਾਇਡਨ ਤੇ ਹੈਰਿਸ ਜ਼ਿੰਮੇਵਾਰ: ਟਰੰਪ

ਨਿਊਯਾਰਕ : ਡੋਨਾਲਡ ਟਰੰਪ ਨੇ ਅੱਜ ਬਿਨਾਂ ਸਬੂਤਾਂ ਦੇ ਦਾਅਵਾ ਕੀਤਾ ਕਿ ਉਨ੍ਹਾਂ 'ਤੇ ਪਿੱਛੇ ਜਿਹੇ ਹੋਏ ਹਮਲੇ ਲਈ ਰਾਸ਼ਟਰਪਤੀ ਜੋਅ ਬਾਇਡਨ ਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀਆਂ ਟਿੱਪਣੀਆਂ ਜ਼ਿੰਮੇਵਾਰ ਹਨ, ਜੋ ਉਨ੍ਹਾਂ (ਟਰੰਪ) ਨੂੰ ਲੋਕਤੰਤਰ ਲਈ ਖਤਰਾ ਦਸਦੇ ਹਨ। ਉਨ੍ਹਾਂ ਕਿਹਾ ਕਿ ਬਾਇਡਨ ਤੇ ਹੈਰਿਸ ਦਾ ਪਹਿਲਾਂ ਵੀ ਆਪਣੇ ਸਿਆਸੀ ਵਿਰੋਧੀਆਂ ਖ਼ਿਲਾਫ਼ ਟਿੱਪਣੀਆਂ ਕਰਨ ਅਤੇ ਉਨ੍ਹਾਂ ਨੂੰ ਜੇਲ੍ਹਾਂ 'ਚ ਭੇਜਣ ਜਾਂ ਉਨ੍ਹਾਂ ਖ਼ਿਲਾਫ਼ ਕੇਸ ਚਲਾਉਣ ਦਾ ਇਤਿਹਾਸ ਰਿਹਾ ਹੈ। ਚੋਣਾਂ 'ਚ ਹੁਣ ਸਿਰਫ਼ 50 ਦਿਨ ਬਚੇ ਹਨ ਅਤੇ ਕੁਝ ਥਾਵਾਂ 'ਤੇ ਮੁੱਢਲੇ ਬੈਲੇਟ ਪੇਪਰ ਪਹਿਲਾਂ ਹੀ ਭੇਜੇ ਜਾ ਚੁੱਕੇ ਹਨ। ਇਸ ਸਾਲ ਰਾਸ਼ਟਰਪਤੀ ਚੋਣਾਂ ਲਈ ਮੁਹਿੰਮ ਲੰਘੇ ਐਤਵਾਰ ਨੂੰ ਟਰੰਪ 'ਤੇ ਹੋਏ ਹਮਲੇ ਤੋਂ ਪਹਿਲਾਂ ਵੀ ਅਮਰੀਕੀ ਇਤਿਹਾਸ 'ਚ ਸਭ ਤੋਂ ਉੱਥਲ ਪੁੱਥਲ ਵਾਲਾ ਰਿਹਾ ਹੈ। ਫਲੋਰੀਡਾ 'ਚ ਵਾਪਰੀ ਘਟਨਾ ਮਗਰੋਂ ਟਰੰਪ ਸੁਰੱਖਿਅਤ ਸਨ ਅਤੇ ਉਨ੍ਹਾਂ ਆਪਣੀ ਸੁਰੱਖਿਆ ਲਈ ਸੀਕਰੇਟ ਸਰਵਿਸ ਦੀ ਸ਼ਲਾਘਾ ਕੀਤੀ। ਉਨ੍ਹਾਂ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ, 'ਉਨ੍ਹਾਂ (ਬਾਇਡਨ ਤੇ ਹੈਰਿਸ) ਦੀ ਬਿਆਨਬਾਜ਼ੀ ਮੈਨੂੰ ਗੋਲੀ ਮਾਰਨ ਲਈ ਮਜਬੂਰ ਕਰ ਰਹੀ ਹੈ, ਜਦਕਿ ਮੈਂ ਉਹ ਹਾਂ ਜੋ ਦੇਸ਼ ਨੂੰ ਬਚਾਅ ਰਿਹਾ ਹਾਂ।'

Best Bargain
Carpet & Flooring
Residential - Commercial - Industrial
Sale & Custom Installation done by Professionals
LAUZON Distinctive Hardwood Flooring
PEERLESS
5 Year Installation Warranty on all Carpets & Flooring
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service



WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21
Mississauga, ON L5S 0A2
Email:- best_bargain@hotmail.com
Gurpreet Singh



BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installation
CAT Batteries 1000c Under Warranty
$550
Installation Included
MICHELIN BFGoodrich DUNLOP GOODYEAR HANKOOK Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.



# ਜੇ ਟਰੰਪ ਜਿੱਤੇ, ਤਾਂ ਉਹ ਐੱਚ-1ਬੀ 'ਚ ਜੀਵਨ ਸਾਥੀਆਂ ਲਈ ਰੋਕਣਗੇ ਰਾਹ




ਵਾਸ਼ਿੰਗਟਨ (ਪੰਜਾਬ ਸਟਾਰ): ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਜੇ ਉਹ ਇਸ ਵਾਰ ਉਹ ਚੋਣਾਂ ਵਿਚ ਜਿੱਤ ਜਾਂਦੇ ਹਨ, ਤਾਂ ਐੱਚ-1ਬੀ ਵੀਜ਼ਾ ਧਾਰਕਾਂ ਦੇ ਜੀਵਨ ਸਾਥੀਆਂ ਨੂੰ ਇਥੇ ਵਰਕ ਪਰਮਿਟ ਦੇਣ ਤੋਂ ਰੋਕਣਗੇ। ਇਸ ਦਾ ਅਸਰ ਭਾਰੀ ਗਿਣਤੀ ਵਿਚ ਅਮਰੀਕਾ ਵਿਚ ਰਹਿ ਰਹੇ ਭਾਰਤੀਆਂ 'ਤੇ ਵੀ ਪੈ ਸਕਦਾ ਹੈ। ਟਰੰਪ ਪ੍ਰਸ਼ਾਸਨ ਐੱਚ-1ਬੀ ਵੀਜ਼ਾ ਧਾਰਕਾਂ ਦੇ ਪਤੀ ਜਾਂ ਪਤਨੀ ਨੂੰ ਕੰਮ ਤੋਂ ਹਟਾਉਣ ਦੀ ਕੋਸ਼ਿਸ਼ ਕਰ ਸਕਦੇ ਹਨ। ਇਸ ਦੇ ਨਾਲ-ਨਾਲ ਪਤੀ ਜਾਂ ਪਤਨੀ ਦੇ ਪੱਕੇ ਹੋਣ ਦੀ ਪ੍ਰਕਿਰਿਆ 'ਚ ਵੀ ਦੇਰੀ ਕਰਵਾ ਸਕਦੇ ਹਨ। ਅਤੇ ਹੋ ਸਕਦਾ ਹੈ ਕਿ ਉਹ ਐੱਚ-1ਬੀ ਵੀਜ਼ਾ ਧਾਰਕਾਂ ਅਤੇ ਉਨ੍ਹਾਂ ਦੇ ਜੀਵਨ ਸਾਥੀ ਦੇ ਅਮਰੀਕਾ ਵਿਚ ਦਾਖਲੇ ਨੂੰ ਵੀ ਰੋਕਣ ਦੀ ਕੋਸ਼ਿਸ ਕਰਨ ਅਤੇ ਐੱਚ-1ਬੀ ਵੀਜ਼ੇ ਦੇ ਦਰਜ਼ੇ ਦੇ ਬਣੇ ਰਹਿਣ ਲਈ ਮਨਜ਼ੂਰੀ ਹਾਸਲ ਕਰਨਾ ਹੋਰ ਵੀ ਮੁਸ਼ਕਿਲ ਬਣਾ ਸਕਦੇ ਹਨ। ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਰੁਜ਼ਗਾਰ ਆਧਾਰਿਤ ਗਰੀਨ ਕਾਰਡ ਦੀ ਪਹਿਲਾਂ ਤੋਂ ਹੀ ਉਡੀਕ ਕਰ ਰਹੇ ਬਿਨੈਕਾਰਾਂ ਨੂੰ ਵੀ ਪ੍ਰਭਾਵਿਤ ਕਰ ਸਕਦੇ ਹਨ ਅਤੇ ਪ੍ਰਤਿਭਾਸ਼ਾਲੀ ਵਿਗਿਆਨੀਆਂ ਅਤੇ ਇੰਜੀਨੀਅਰਾਂ ਲਈ ਰੁਕਾਵਟਾਂ ਪੈਦਾ ਕਰ ਸਕਦੀਆਂ ਹਨ। ਜ਼ਿਕਰਯੋਗ ਹੈ ਕਿ 2015 ਵਿਚ ਓਬਾਮਾ ਪ੍ਰਸ਼ਾਸਨ ਨੇ ਐੱਚ-1ਬੀ ਵੀਜ਼ਾ ਧਾਰਕਾਂ ਦੇ ਜੀਵਨ ਸਾਥੀ ਨੂੰ ਅਮਰੀਕਾ ਵਿਚ ਕੰਮ ਕਰਨ ਦੀ ਆਗਿਆ ਦੇਣ ਲਈ ਇਕ ਨਿਯਮ ਜਾਰੀ ਕੀਤਾ ਸੀ। ਰੈਗੂਲੇਸ਼ਨ ਦੇ ਤਹਿਤ ਜੇਕਰ ਇਕ ਐੱਚ-1ਬੀ ਪੇਸ਼ੇਵਰ ਕੋਲ ਇਕ ਪ੍ਰਵਾਨਿਤ ਪ੍ਰਵਾਸੀ ਪਟੀਸ਼ਨ ਆਈ-140 ਰੁਜ਼ਗਾਰ ਆਧਾਰਿਤ ਗਰੀਨ ਕਾਰਡ ਪ੍ਰਕਿਰਿਆ ਦਾ ਹਿੱਸਾ ਹੈ, ਤਾਂ ਐੱਚ-4 ਨਿਰਭਰ ਵਾਲੇ ਜੀਵਨ ਸਾਥੀ ਨੂੰ ਇਥੇ ਵਰਕ ਪਰਮਿਟ ਮਿਲ ਜਾਂਦਾ ਹੈ। ਪਰ ਹੁਣ ਟਰੰਪ ਦੇ ਬਿਆਨ ਨਾਲ ਹਜ਼ਾਰਾਂ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਫਲੋਰੀਡਾ 'ਚ ਟਰੰਪ ਦੀ ਹੱਤਿਆ ਦੀ ਕੋਸ਼ਿਸ਼ ਦੀ ਹੋਵੇਗੀ ਅਪਰਾਧਿਕ ਜਾਂਚ: ਗਵਰਨਰ



ਵੈਸਟ ਪਾਮ ਬੀਚ : ਫਲੋਰੀਡਾ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਹੱਤਿਆ ਦੀ ਕੋਸ਼ਿਸ਼ ਦੀ ਰਾਜ-ਪੱਧਰੀ ਅਪਰਾਧਿਕ ਜਾਂਚ ਸ਼ੁਰੂ ਕਰਨਗੀਆਂ। ਗਵਰਨਰ ਰੋਨ ਡੀਸੈਂਟਿਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਡੀਸੈਂਟਿਸ ਨੇ ਪੱਤਰਕਾਰਾਂ ਨੂੰ ਕਿਹਾ, "ਸ਼ੱਕੀ ਨੇ ਰਾਜ ਦੇ ਕਾਨੂੰਨ ਦੀ ਉਲੰਘਣਾ ਕੀਤੀ।" ਉਨ੍ਹਾਂ ਦੀ ਇਹ ਘੋਸ਼ਣਾ ਟਰੰਪ ਦੀ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ੀ ਰਿਆਨ ਰੂਥ 'ਤੇ ਸੰਘੀ ਹਥਿਆਰ ਕਾਨੂੰਨਾਂ ਦੇ ਤਹਿਤ ਦੋਸ਼ ਲਗਾਏ ਜਾਣ ਦੇ ਇੱਕ ਦਿਨ ਬਾਅਦ ਆਈ ਹੈ। ਅਧਿਕਾਰੀਆਂ ਨੇ ਕਿਹਾ ਕਿ ਰੂਥ ਨੇ ਕੋਈ ਗੋਲੀ ਨਹੀਂ ਚਲਾਈ, ਟਰੰਪ ਕਦੇ ਵੀ ਉਸ ਦੀ ਨਜ਼ਰ ਵਿਚ ਨਹੀਂ ਸੀ ਅਤੇ ਇਕ ਸੁਰੱਖਿਆ ਗਾਰਡ ਨੇ ਉਸ ਨੂੰ ਦੇਖਿਆ ਅਤੇ ਉਸ ਦੀ ਦਿਸ਼ਾ ਵਿਚ ਗੋਲੀ ਚਲਾ ਦਿੱਤੀ, ਜਿਸ ਤੋਂ ਬਾਅਦ ਉਹ ਮੌਕੇ ਤੋਂ ਭੱਜ ਗਿਆ।

# ਗਿੱਲ ਪਰਿਵਾਰ ਨੂੰ ਗਹਿਰਾ ਸਦਮਾ, ਬਚਿੱਤਰ ਸਿੰਘ ਗਿੱਲ ਨਹੀਂ ਰਹੇ

## ਅੰਤਿਮ ਰਸਮਾਂ 20 ਸਤੰਬਰ ਸ਼ਾਮ 3:00 ਤੋਂ 5:00 ਵਜੇ ਤੱਕ



ਬਚਿੱਤਰ ਸਿੰਘ ਗਿੱਲ ਪਿੰਡ ਢੁੱਡੀਕੇ ਬੀਤੇ ਕੱਲ 16 ਸਤੰਬਰ ਦੀ ਰਾਤ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਨ੍ਹਾਂ ਦੀ ਉਮਰ 80 ਸਾਲ ਸੀ, ਬਚਿੱਤਰ ਸਿੰਘ ਗਿੱਲ ਮੋਗੇ ਜ਼ਿਲ੍ਹੇ ਦੇ ਮਸ਼ਹੂਰ ਪਿੰਡ ਢੁੱਡੀਕੇ ਦੇ ਵਸਨੀਕ ਸਨ ਅਤੇ 1994 ਤੋਂ ਕੈਨੇਡਾ ਵਿੱਚ ਆਪਣੇ ਪਰਿਵਾਰ ਨਾਲ ਰਹਿੰਦੇ ਸਨ। ਬਚਿੱਤਰ ਸਿੰਘ ਗਿੱਲ ਪੰਜਾਬੀ ਭਾਈਚਾਰੇ ਵਿੱਚ ਜਾਣੀ ਪਛਾਣੀ ਸਖ਼ਸ਼ੀਅਤ ਸ਼ਮਸ਼ੇਰ ਸਿੰਘ ਗਿੱਲ ਦੇ ਪਿਤਾ ਜੀ ਸਨ। ਬਚਿੱਤਰ ਸਿੰਘ ਗਿੱਲ ਜੀ ਦੇ ਜਾਣ ਨਾਲ ਗਿੱਲ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ। ਜਦੋਂ ਤੋਂ ਉਹ ਕੈਨੇਡਾ ਆਏ ਸਨ ਬੜੇ ਸਰਗਗਰਮ ਰਹਿੰਦੇ ਸਨ, ਪੰਜਾਬੀਆਂ ਦੇ ਗੜ੍ਹ ਮੈਕਲਾਗਲਿਨ ਅਤੇ ਰੇਲਾਅਸਨ ਦੇ ਇਲਾਕੇ ਵਿੱਚ ਉਹ 26 ਸਾਲ ਰਹੇ ਜਿੱਥੇ ਉਨ੍ਹਾਂ ਇੰਟਰਨੈਸ਼ਨਲ ਸੀਨੀਅਰਜ਼ ਕਲੱਬ ਦੀ ਸਥਾਪਨਾ ਕੀਤੀ ਅਤੇ ਲੰਬਾ ਸਮਾਂ ਕਲੱਬ ਦੇ ਮੀਤ ਪ੍ਰਧਾਨ ਰਹੇ। ਕੈਨੇਡਾ ਵਿੱਚ ਨਵੇਂ ਆਉਣ ਵਾਲਿਆਂ ਦੀ ਮਦਦ ਲਈ ਉਹ ਹਮੇਸ਼ਾ ਤਿਆਰ ਰਹਿੰਦੇ ਸਨ। ਬੜੇ ਹੀ ਨਿੱਘੇ ਅਤੇ ਮਿੱਠ ਬੋਲੜੇ ਸੁਭਾਅ ਦੇ ਮਾਲਕ ਸਨ। ਬਚਿੱਤਰ ਸਿੰਘ ਗਿੱਲ ਆਪਣੇ ਪਿੱਛੇ ਤਿੰਨ ਬੇਟੇ ਅਤੇ ਇੱਕ ਬੇਟੀ ਅਤੇ ਪੋਤਰੇ/ਪੋਤਰੀਆ, ਦੋਹਤਰੇ/ਦੋਹਤਰੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।

ਸ.ਬਚਿੱਤਰ ਸਿੰਘ ਗਿੱਲ ਜੀ ਦੀਆਂ ਅੰਤਿਮ ਰਸਮਾਂ 20 ਸਤੰਬਰ ਦਿਨ ਸ਼ੁੱਕਰਵਾਰ ਨੂੰ ਸ਼ਾਮ 3 ਵਜੇ ਤੋਂ 5 ਵਜੇ ਤੱਕ ਟੋਰਾਂਟੋ ਦੇ ਲੋਟਸ ਫਿਊਨਰਲ 121 ਸਿਟੀ ਵਿਊ ਡਰਾਈਵ, ਟੋਰਾਂਟੋ ਅਤੇ ਅੰਤਿਮ ਅਰਦਾਸ 22 ਸਤੰਬਰ ਦਿਨ ਐਤਵਾਰ ਨੂੰ ਦੁਪਿਹਰ 1 ਵਜੇ ਤੋਂ 3 ਵਜੇ ਤੱਕ ਸ੍ਰੀ ਗੁਰੂ ਸਿੰਘ ਸਭਾ, ਮਾਲਟਨ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।

ਗਿੱਲ ਪਰਿਵਾਰ ਦੀ ਇਸ ਦੁੱਖ ਦੀ ਘੜੀ ਵਿੱਚ ਸ਼ਰੀਕ ਹੋਣ ਲਈ ਸ਼ਮਸ਼ੇਰ ਸਿੰਘ ਗਿੱਲ ਨਾਲ 905-744-4400 'ਤੇ ਗੱਲ ਕਰ ਸਕਦੇ ਹੋ।

## ਟੋਰਾਂਟੋ ਵਿਖੇ ਦਿਨ-ਦਿਹਾੜੇ ਚੱਲੀਆਂ ਗੋਲੀਆਂ, 2 ਹਲਾਕ

ਟੋਰਾਂਟੋ : ਟੋਰਾਂਟੋ ਵਿਖੇ ਮੰਗਲਵਾਰ ਨੂੰ ਦਿਨ ਦਿਹਾੜੇ ਹੋਈ ਗੋਲੀਬਾਰੀ ਦੌਰਾਨ ਦੋ ਜਣਿਆਂ ਦੀ ਮੌਤ ਹੋ ਗਈ। ਪੁਲਿਸ ਨੇ ਦੱਸਿਆ ਕਿ ਜੇਨ ਸਟ੍ਰੀਟ ਅਤੇ ਡ੍ਰਿਫਟਵੁੱਡ ਐਵੇਨਿਊ ਇਲਾਕੇ ਵਿਚ ਦੁਪਹਿਰ ਤਕਰੀਬਨ ਸਵਾ ਦੋ ਵਜੇ ਗੋਲੀਆਂ ਚੱਲਣ ਦੀ ਇਤਲਾਹ ਮਿਲੀ ਸੀ। ਟੋਰਾਂਟੋ ਪੁਲਿਸ ਮੁਤਾਬਕ ਇਕ ਜਣੇ ਦੀ ਮੌਤ ਮੌਕਾ ਏ ਵਾਰਦਾਤ 'ਤੇ ਹੀ ਹੋ ਗਈ ਜਦਕਿ ਦੂਜਾ ਹਸਪਤਾਲ ਵਿਚ ਜ਼ਖਮਾਂ ਦੀ ਤਾਬ ਨਾ ਝਲਦਾ ਹੋਇਆ ਦਮ ਤੋੜ ਗਿਆ। ਮਰਨ ਵਾਲਿਆਂ ਦੀ ਉਮਰ 20-25 ਸਾਲ ਦੱਸੀ ਜਾ ਰਹੀ ਹੈ ਅਤੇ ਫਿਲਹਾਲ ਪਛਾਣ ਜਨਤਕ ਨਹੀਂ ਕੀਤੀ ਗਈ।

# ਫਲਾਈਟ 'ਚ ਸ਼ੱਕੀ ਬੈਗ 'ਚ ਧਮਾਕਾ!

## 236 ਯਾਤਰੀਆਂ ਸਨ ਸਵਾਰ, ਮਚ ਗਿਆ ਚੀਕ-ਚਿਹਾੜਾ



ਗ੍ਰੀਸ ਦੇ ਹੇਰਾਕਲੀਅਨ ਇੰਟਰਨੈਸ਼ਨਲ ਏਅਰਪੋਰਟ ਤੋਂ ਲੰਡਨ ਦੇ ਗੈਟਵਿਕ ਏਅਰਪੋਰਟ ਜਾ ਰਹੀ ਇਕ ਈਜ਼ੀਜੈੱਟ ਫਲਾਈਟ ਵਿਚ ਉਸ ਸਮੇਂ ਦਹਿਸ਼ਤ ਫੈਲ ਗਈ ਜਦੋਂ ਇਕ ਮਹਿਲਾ ਯਾਤਰੀ ਦਾ ਬੈਗ ਅਚਾਨਕ ਫਟ ਗਿਆ। ਇਹ ਘਟਨਾ ਜਹਾਜ਼ ਦੇ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਵਾਪਰੀ, ਜਦੋਂ ਬੈਗ ਵਿਚ ਰੱਖੀ ਈ-ਸਿਗਰੇਟ ਅਤੇ ਪਾਵਰ ਬੈਂਕ ਰਗੜ ਕਾਰਨ ਫਟ ਗਏ। ਇਸ ਧਮਾਕੇ ਤੋਂ ਬਾਅਦ ਬੈਗ ਨੂੰ ਅੱਗ ਲੱਗ ਗਈ ਅਤੇ ਸਾਰਾ ਕੈਬਿਨ ਕਾਲੇ ਧੂੰਏਂ ਨਾਲ ਭਰ ਗਿਆ। ਜਹਾਜ਼ 'ਚ ਸਵਾਰ 236 ਯਾਤਰੀਆਂ 'ਚ ਦਹਿਸ਼ਤ ਫੈਲ ਗਈ ਅਤੇ ਕੁਝ ਲੋਕ ਡਰ ਦੇ ਮਾਰੇ 'ਬਮ-ਬਮ' ਦੇ ਚੀਕਾਂ ਮਾਰਨ ਲੱਗੇ।

ਚਸ਼ਮਦੀਦਾਂ ਅਨੁਸਾਰ ਜਿਵੇਂ ਹੀ ਬੈਗ ਫਟਿਆ, ਅੱਗ ਦੀਆਂ ਲਪਟਾਂ ਨਿਕਲ ਲੱਗ ਗਈਆਂ ਅਤੇ ਕੈਬਿਨ ਵਿੱਚ ਧੂੰਆਂ ਫੈਲ ਗਿਆ। ਲੋਕ ਡਰ ਗਏ ਅਤੇ ਜਹਾਜ਼ ਤੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕੀਤੀ ਪਰ ਸਟਾਫ ਨੇ ਸਥਿਤੀ 'ਤੇ ਕਾਬੂ ਕਰ ਲਿਆ। ਬੈਗ ਇੱਕ ਬ੍ਰਿਟਿਸ਼ ਮਹਿਲਾ ਯਾਤਰੀ ਦਾ ਸੀ, ਜਿਸ ਵਿੱਚ ਵੱਡੀ ਮਾਤਰਾ ਵਿੱਚ ਈ-ਸਿਗਰੇਟ ਅਤੇ ਪਾਵਰ ਬੈਂਕ ਸਨ। ਹਾਲਾਂਕਿ ਕੋਈ ਜ਼ਖਮੀ ਨਹੀਂ ਹੋਇਆ ਅਤੇ ਸਾਰੇ ਯਾਤਰੀ ਸੁਰੱਖਿਅਤ ਰਹੇ। ਘਟਨਾ ਦੇ ਤੁਰੰਤ ਬਾਅਦ ਐਮਰਜੈਂਸੀ ਸੇਵਾਵਾਂ ਨੇ ਜਵਾਬ ਦਿੱਤਾ। ਜਹਾਜ਼ ਹੇਰਾਕਲੀਅਨ ਹਵਾਈ ਅੱਡੇ 'ਤੇ ਸੁਰੱਖਿਅਤ ਰੂਪ ਨਾਲ ਵਾਪਸ ਆ ਗਿਆ ਅਤੇ ਪੂਰੀ ਜਾਂਚ ਕੀਤੀ ਗਈ। ਇਸ ਦੌਰਾਨ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੁਲਸ ਨੂੰ ਵੀ ਬੁਲਾਇਆ ਗਿਆ। ਬਾਅਦ ਵਿਚ ਸਾਰੇ ਯਾਤਰੀਆਂ ਨੂੰ ਇਕ ਹੋਰ ਫਲਾਈਟ ਵਿਚ ਲੰਡਨ ਲਿਜਾਇਆ ਗਿਆ।

ਈਜ਼ੀਜੈੱਟ ਨੇ ਘਟਨਾ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਫਲਾਈਟ EZY8216 ਨੇ ਐਮਰਜੈਂਸੀ ਲੈਂਡਿੰਗ ਕੀਤੀ ਸੀ। ਏਅਰਲਾਈਨ ਨੇ ਕਿਹਾ ਕਿ ਯਾਤਰੀ ਸੁਰੱਖਿਆ ਸਾਡੀ ਤਰਜੀਹ ਹੈ। ਇਹ ਘਟਨਾ ਲਿਥੀਅਮ-ਆਇਨ ਬੈਟਰੀਆਂ ਅਤੇ ਇਲੈਕਟ੍ਰਾਨਿਕ ਉਪਕਰਨਾਂ ਨਾਲ ਯਾਤਰਾ ਕਰਨ ਦੇ ਜੋਖਮਾਂ ਨੂੰ ਉਜਾਗਰ ਕਰਦੀ ਹੈ।

## ਗੋਲੀਬਾਰੀ ਕਾਰਨ 2 ਲੋਕਾਂ ਦੀ ਮੌਤ, 7 ਜ਼ਖਮੀ

ਮਾਸਕੋ - ਰੂਸੀ ਜਾਂਚ ਕਮੇਟੀ ਮੁਤਾਬਕ ਰੂਸੀ ਆਨਲਾਈਨ ਰਿਟੇਲਰ ਵਾਈਲਡਬੇਰੀਜ਼ ਦੇ ਦਫਤਰ 'ਚ ਹੋਈ ਗੋਲੀਬਾਰੀ 'ਚ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਸੱਤ ਜ਼ਖਮੀ ਹੋ ਗਏ। ਜਾਂਚ ਕਮੇਟੀ ਨੇ ਦੱਸਿਆ ਕਿ ਸ਼ੁਰੂਆਤੀ ਜਾਣਕਾਰੀ ਮੁਤਾਬਕ ਬੁੱਧਵਾਰ ਨੂੰ ਮਾਸਕੋ 'ਚ ਰੋਮਨੋਵ ਲੇਨ 'ਤੇ ਸਥਿਤ ਵਾਈਲਡਬੇਰੀਜ਼ ਦਫਤਰ 'ਚ ਗੋਲੀਬਾਰੀ ਹੋਈ। ਇਕ ਨਿਊਜ਼ ਏਜੰਸੀ ਨੇ ਤਾਸ ਦੇ ਹਵਾਲੇ ਨਾਲ ਕਿਹਾ ਕਿ ਘਟਨਾ ਸਥਾਨ 'ਤੇ ਪਹੁੰਚੇ ਦੋ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਸਮੇਤ ਸੱਤ ਲੋਕ ਜ਼ਖਮੀ ਹੋ ਗਏ। ਵਾਈਲਡਬੇਰੀਜ਼, ਰੂਸ 'ਚ ਸਭ ਤੋਂ ਵੱਡੀ ਆਨਲਾਈਨ ਰਿਟੇਲਰ, ਰੂਸੀ ਉਦਯੋਗਪਤੀ ਅਤੇ ਪ੍ਰਚੂਨ ਵਿਕਰੇਤਾ ਟੈਟਿਆਨਾ ਬਕਲਚੁਕ, ਇਸ ਦੇ ਸੰਸਥਾਪਕ ਅਤੇ ਸੀ.ਈ.ਓ. ਦੀ ਮਲਕੀਅਤ ਹੈ ਅਤੇ ਉਸਦਾ ਪਤੀ ਵਲਾਦਿਸਲਾਵ ਬਕਲਚੁਕ ਇਸਦਾ ਸਹਿ-ਮਾਲਕ ਹੈ। TASS ਨੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਕਿ 20 ਤੋਂ 30 ਲੋਕਾਂ ਦਾ ਇਕ ਸਮੂਹ ਘਟਨਾ ਸਥਾਨ 'ਤੇ ਪਹੁੰਚਿਆ ਅਤੇ ਕਾਰੋਬਾਰੀ ਕੇਂਦਰ ਦੇ ਦਾਖਵਾ ਦਵਾਰ 'ਤੇ ਖਿੜਕੀਆਂ ਨੂੰ ਤੋੜਨਾ ਸ਼ੁਰੂ ਕਰ ਦਿੱਤਾ ਜਿੱਥੇ ਦਫਤਰ ਸਥਿਤ ਸੀ ਅਤੇ ਥੋੜ੍ਹੀ ਦੇਰ ਬਾਅਦ ਗੋਲੀਬਾਰੀ ਸ਼ੁਰੂ ਹੋ ਗਈ। ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਦੇ ਅਨੁਸਾਰ, ਗੋਲੀਬਾਰੀ ਦੇ ਨਤੀਜੇ ਵਜੋਂ ਲਗਭਗ 30 ਲੋਕਾਂ ਨੂੰ ਹਿਰਾਸਤ 'ਚ ਲਿਆ ਗਿਆ ਹੈ। ਗੋਲੀਬਾਰੀ ਦੇ ਸਬੰਧ 'ਚ ਇਕ ਅਪਰਾਧਿਕ ਮਾਮਲਾ ਦਰਜ ਕੀਤਾ ਗਿਆ ਹੈ।












# ਕੈਨੇਡਾ 'ਚ ਮਹਿੰਗਾਈ ਦਰ ਘਟ ਕੇ 2 ਫੀਸਦੀ 'ਤੇ ਆਈ



ਮਹਿੰਗਾਈ ਦਰ ਐਨੀ ਹੇਠਾਂ ਆਈ ਹੈ ਕਿਉਂਕਿ ਗਾਹਕਾਂ ਦੀ ਘਟਦੀ ਗਿਣਤੀ ਨੂੰ ਵੇਖਦਿਆਂ ਰਿਟੇਲਰਜ਼ ਵੱਲੋਂ ਵੱਡੀਆਂ ਰਿਆਇਤਾਂ ਦੀ ਪੇਸ਼ਕਸ਼ ਕੀਤੀ ਗਈ। ਕੈਨੇਡੀਅਨ ਰੇਟਸ ਦੇ ਮੈਨੇਜਿੰਗ ਡਾਇਰੈਕਟਰ ਬੈਂਜਾਮਿਨ ਰਾਈਟਜ਼ਸ

ਟੋਰਾਂਟੋ : ਕੈਨੇਡਾ ਵਿਚ ਮਹਿੰਗਾਈ ਦਰ ਘਟ ਕੇ 2 ਫੀ ਸਦੀ 'ਤੇ ਆ ਗਈ ਹੈ ਅਤੇ ਵਿਆਜ ਦਰਾਂ ਵਿਚ ਵੱਡੀ ਕਟੌਤੀ ਦੇ ਆਸਾਰ ਨਜ਼ਰ ਆ ਰਹੇ ਹਨ। ਅਗਸਤ ਦੌਰਾਨ ਜਿਥੇ ਗੈਸੋਲੀਨ ਦੀਆਂ ਕੀਮਤਾਂ ਹੇਠਲੇ ਪੱਧਰ 'ਤੇ ਰਹੀਆਂ, ਉਥੇ ਹੀ ਕੱਪੜਿਆਂ ਅਤੇ ਜੁੱਤੀਆਂ ਦੇ ਭਾਅ ਵਿਚ ਕਮੀ ਦਰਜ ਕੀਤੀ। ਸੀ.ਆਈ.ਬੀ.ਸੀ. ਦੇ ਸੀਨੀਅਰ ਇਕੌਨੋਮਿਸਟ ਐਂਡਰਿਊ ਗ੍ਰੈਂਥਮ ਨੇ ਕਿਹਾ ਕਿ ਹੁਣ ਬੈਂਕ ਆਫ ਕੈਨੇਡਾ ਦੇ ਰਾਹ ਵਿਚ ਕੋਈ ਅੜਿੱਕਾ ਨਹੀਂ ਰਿਹਾ ਅਤੇ ਅਰਥਚਾਰੇ ਨੂੰ ਹੁਲਾਰਾ ਦੇਣ ਵੱਲ ਧਿਆਨ ਕੇਂਦਰਤ ਹੋਣਾ ਚਾਹੀਦਾ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਜੇ ਮੌਰਗੇਜ ਦੇ ਖਰਚੇ ਨੂੰ ਬਾਹਰ ਰੱਖ ਦਿਤਾ ਜਾਵੇ ਤਾਂ ਅਗਸਤ ਮਹੀਨੇ ਦੌਰਾਨ ਮਹਿੰਗਾਈ ਦਰ ਸਿਰਫ 1.2 ਫੀ ਸਦੀ ਰਹਿ ਜਾਂਦੀ।

**ਵਿਆਜ ਦਰਾਂ ਵਿਚ ਵੱਡੀ ਕਟੌਤੀ ਦੇ ਆਸਾਰ ਬਣੇ**

ਦੂਜੇ ਪਾਸੇ ਕੈਨੇਡਾ ਵਿਚ 1971 ਮਗਰੋਂ ਪਹਿਲੀ ਵਾਰ ਅਗਸਤ ਮਹੀਨੇ ਦੌਰਾਨ ਮਹਿੰਗਾਈ ਦਰ ਐਨੀ ਹੇਠਾਂ ਆਈ ਹੈ ਕਿਉਂਕਿ ... ਦਾ ਕਹਿਣਾ ਸੀ ਕਿ ਹੁਣ ਬੈਂਕ ਆਫ਼ ਕੈਨੇਡਾ ਨੂੰ ਵਿਆਜ ਦਰਾਂ ਵਿਚ ਵੱਡੀ ਕਟੌਤੀ ਕਰਨੀ ਚਾਹੀਦੀ ਹੈ। ਬੈਂਜਾਮਿਨ ਨੇ ਮੰਨਿਆ ਕਿ ਸਿਰਫ ਅਗਸਤ ਦੇ ਅੰਕੜਿਆਂ ਨੂੰ ਆਧਾਰ ਬਣਾ ਕੇ ਵੱਡੀ ਕਟੌਤੀ ਸੰਭਵ ਨਹੀਂ ਅਤੇ ਬੈਂਕ ਆਫ ਕੈਨੇਡਾ ਸਤੰਬਰ ਦੇ ਅੰਕੜੇ ਵੀ ਦੇਖਣਾ ਚਾਹੇਗਾ ਅਤੇ ਇਸ ਤੋਂ ਬਾਅਦ ਹੀ ਅਕਤੂਬਰ ਵਿਚ ਕੋਈ ਫੈਸਲਾ ਲਿਆ ਜਾ ਸਕਦਾ ਹੈ। ਬੈਂਕ ਆਫ਼ ਕੈਨੇਡਾ ਦੇ ਗਵਰਨਰ ਟਿਫ ਮੈਕਲਮ ਪਹਿਲਾਂ ਹੀ ਸੰਕੇਤ ਦੇ ਚੁੱਕੇ ਹਨ ਕਿ ਵਿਆਜ ਦਰਾਂ ਵਿਚ ਕਟੌਤੀ ਦਾ ਆਕਾਰ ਵਧਾਇਆ ਜਾ ਸਕਦਾ ਹੈ ਜੇ ਮਹਿੰਗਾਈ ਦਰ ਕੇਂਦਰੀ ਬੈਂਕ ਦੀਆਂ ਉਮੀਦਾਂ ਮੁਤਾਬਕ ਹੇਠਾਂ ਆ ਜਾਵੇ। ਬੈਂਕ ਆਫ ਕੈਨੇਡਾ ਵੱਲੋਂ ਆਰੰਭ ਤੋਂ ਹੀ ਮਹਿੰਗਾਈ ਦਰ 2 ਫੀ ਸਦੀ ਦੇ ਪੱਧਰ 'ਤੇ ਆਉਣ ਦੀ ਉਡੀਕ ਕੀਤੀ ਜਾ ਰਹੀ ਸੀ ਜਿਸ ਨਾਲ ਵਿਆਜ ਦਰਾਂ ਹੇਠਾਂ ਆਉਣਗੀਆਂ ਅਤੇ ਆਰਥਿਕ ਵਾਧਾ ਦਰ ਤੇਜ਼ ਕਰਨ ਵਿਚ ਮਦਦ ਮਿਲੇਗੀ।

# ਕੈਨੇਡਾ: ਪੁਲਿਸ ਨੇ ਇਸ ਕਾਰਨ ਪੰਜਾਬੀ ਨੌਜਵਾਨ 'ਚੀਮਾ' ਨੂੰ ਕੀਤਾ ਸਨਮਾਨਿਤ



ਕੈਲਗਰੀ (ਪੰਜਾਬ ਸਟਾਰ ਬਿਊਰੋ): ਕੈਲਗਰੀ ਪੁਲਿਸ ਸੇਵਾ ਨੇ ਹਾਲ ਹੀ ਵਿੱਚ ਚਾਰ ਕੈਨੇਡੀਅਨਾਂ ਨੂੰ ਸਨਮਾਨਿਤ ਕੀਤਾ ਹੈ ਜਿੰਨ੍ਹਾਂ 'ਚ ਇੱਕ ਪੰਜਾਬੀ ਵੀ ਸ਼ਾਮਲ ਹੈ। ਦੱਸਦਈਏ ਕਿ ਇੰਨ੍ਹਾਂ ਚਾਰਾਂ ਵੱਲੋਂ ਮਿਲ ਕੇ ਫਰਵਰੀ ਵਿੱਚ ਕੈਲਗਰੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਲੈਨੀ ਮੈਕਡੋਨਲਡ ਨੂੰ ਦਿਲ ਦਾ ਦੌਰਾ ਪੈਣ 'ਤੇ ਉਸ ਦੀ ਜਾਨ ਬਚਾਉਣ ਵਿੱਚ ਮਦਦ ਕੀਤੀ ਗਈ ਸੀ। ਕੈਲਗਰੀ ਪੁਲਿਸ ਨੇ ਇੱਕ ਬਿਆਨ ਵਿੱਚ ਕਿਹਾ ਕਿ 4 ਫਰਵਰੀ ਨੂੰ, ਰਾਜਦੀਪ ਚੀਮਾ ਨੇ ਇੱਕ ਵਿਅਕਤੀ ਨੂੰ ਦੇਖਿਆ ਜਿਸ ਦੀ ਹਾਲਤ ਸਹੀ ਨਹੀਂ ਸੀ ਅਤੇ ਉਹ ਮੈਡੀਕਲ ਐਮਰਜੈਂਸੀ ਦਾ ਸਾਹਮਣਾ ਕਰ ਰਿਹਾ ਸੀ। ਲੈਨੀ ਮੈਕਡੋਨਲਡ ਇੱਕ ਕੈਨੇਡੀਅਨ ਸਾਬਕਾ ਆਈਸ ਹਾਕੀ ਖਿਡਾਰੀ ਹੈ। ਉਸਨੇ 16 ਸਾਲਾਂ ਦੇ ਕਰੀਅਰ ਦੌਰਾਨ 1,100 ਤੋਂ ਵੱਧ ਖੇਡਾਂ ਖੇਡੀਆਂ ਜਿਸ ਵਿੱਚ ਉਸਨੇ 500 ਗੋਲ ਕੀਤੇ ਅਤੇ 1,000 ਤੋਂ ਵੱਧ ਅੰਕ ਹਾਸਲ ਕੀਤੇ। ਇਸ ਗੱਲ ਦੀ ਪੁਸ਼ਟੀ ਪਹਿਲਾਂ ਨਹੀਂ ਹੋਈ ਕਿ ਉਹ ਵਿਅਕਤੀ ਲੈਨੀ ਮੈਕਡੋਨਲਡ ਹੈ, ਬਾਅਦ 'ਚ ਪੁਸ਼ਟੀ ਹੋਈ ਸੀ। ਚੀਮਾ ਨੇ ਤੁਰੰਤ ਹੀ ਸੀ.ਪੀ.ਆਰ. ਦੀ ਪ੍ਰਕਿਰਿਆ ਸ਼ੁਰੂ ਕੀਤੀ।

ਪੁਲਿਸ ਦਾ ਕਹਿਣਾ ਹੈ ਕਿ ਦੋ ਆਫ-ਡਿਊਟੀ ਨਰਸਾਂ, ਸ਼ੈਰੀ ਵਾਰਕੇਨਟਿਨ ਅਤੇ ਡੇਨਿਸ ਗੇਕ, ਏਅਰਪੋਰਟ 'ਤੇ ਲੈਂਡ ਹੋਈ ਇੱਕ ਫਲਾਈਟ ਤੋਂ ਉਤਰ ਰਹੀਆਂ ਸਨ ਜਦੋਂ ਉਹਨਾਂ ਨੇ ਮੈਡੀਕਲ ਘਟਨਾ ਨੂੰ ਦੇਖਿਆ, ਅਤੇ ਉਹਨਾਂ ਨੇ ਸੀ.ਪੀ.ਆਰ. ਨੂੰ ਸੰਭਾਲ ਲਿਆ ਅਤੇ ਉਨ੍ਹਾਂ ਰਾਜਦੀਪ ਚੀਮਾ ਨੂੰ ਤੁਰੰਤ ਇੱਕ ਡੀਫਿਬ੍ਰਲੇਟਰ ਲੱਭਣ ਲਈ ਕਿਹਾ। ਡੀਫਿਬਰਿਲਟਰ ਉਹ ਯੰਤਰ ਹੁੰਦੇ ਹਨ ਜੋ ਦਿਲ ਦੀ ਆਮ ਧੜਕਣ ਨੂੰ ਬਹਾਲ ਕਰਨ ਲਈ ਦਿਲ 'ਤੇ ਇਲੈਕਟ੍ਰਿਕ ਚਾਰਜ ਜਾਂ ਕਰੰਟ ਲਗਾਉਂਦੇ ਹਨ। ਕੈਲਗਰੀ ਪੁਲਿਸ ਕਾਂਸਟੇ. ਜੋਸ ਸਿਵਜ਼ ਨੇ ਮੈਕਡੋਨਲਡ ਦੀ ਜਾਨ ਬਚਾਉਣ ਦੇ ਯਤਨਾਂ ਵਿੱਚ ਸਹਾਇਤਾ ਕੀਤੀ। ਪੁਲਿਸ ਦਾ ਕਹਿਣਾ ਹੈ ਕਿ ਮੈਕਡੋਨਲਡ ਨੂੰ ਸਥਿਰ ਕਰਨ ਅਤੇ ਹਸਪਤਾਲ ਲਿਜਾਣ ਤੋਂ ਪਹਿਲਾਂ ਚਾਰ ਲੋਕਾਂ ਨੇ ਸੀਪੀਆਰ ਅਤੇ ਡੀਫਿਬ੍ਰਲੇਟਰ ਦੀ ਵਰਤੋਂ ਕਰਨ ਵਿੱਚ ਲਗਭਗ 15 ਮਿੰਟ ਬਿਤਾਏ।

ਵਾਰਕੇਨਟਿਨ ਅਤੇ ਗੇਕ ਦੋਵੇਂ ਸਸਕੈਚਵਨ ਵਿੱਚ ਨਰਸਾਂ ਹਨ ਪਰ ਘਟਨਾ ਤੋਂ ਪਹਿਲਾਂ ਇੱਕ ਦੂਜੇ ਨੂੰ ਨਹੀਂ ਜਾਣਦੀਆਂ ਸਨ। ਵਾਰਕੇਨਟਿਨ ਨੇ ਕਿਹਾ ਕਿ ਉਹ "ਹਫੜਾ-ਦਫੜੀ" ਦੇ ਕਾਰਨ ਤੁਰੰਤ ਆਪਸ 'ਚ ਗੱਲ ਨਹੀਂ ਕਰ ਸਕੇ ਪਰ ਮੈਕਡੋਨਲਡ ਦੁਆਰਾ ਕਈ ਮਹੀਨਿਆਂ ਬਾਅਦ ਦੋਵੇਂ ਨਰਸਾਂ ਦੀ ਆਪਸ 'ਚ ਗੱਲ ਹੋਈ। ਘਟਨਾ ਨੂੰ ਯਾਦ ਕਰਦੇ ਹੋਏ, ਵਾਰਕੇਨਟਿਨ ਨੇ ਕਿਹਾ ਕਿ ਜਦੋਂ ਉਹ ਹਵਾਈ ਅੱਡੇ ਤੋਂ ਬਾਹਰ ਨਿਕਲਣ ਲਈ ਆਪਣੇ ਪਤੀ ਨਾਲ ਤੁਰੀ ਜਾ ਰਹੀ ਸੀ ਤਾਂ ਉਸ ਨੇ ਦੇਖਿਆ ਕਿ ਇੱਕ ਵਿਅਕਤੀ ਜ਼ਮੀਨ 'ਤੇ ਪਿਆ ਹੋਇਆ ਸੀ ਅਤੇ ਉਸ ਨੂੰ ਸੀ.ਪੀ.ਆਰ. ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਉਸ ਨੇ ਤੁਰੰਤ ਆਪਣਾ ਬੈਗ ਆਪਣੇ ਪਤੀ ਨੂੰ ਦਿੱਤਾ ਅਤੇ ਉਸ ਵਿਅਕਤੀ ਦੀ ਮਦਦ ਕਰਨ ਲਈ ਚੱਲੀ ਗਈ।

# ਹਰਮਨਪ੍ਰੀਤ ਤੇ ਸ਼੍ਰੀਜੇਸ਼ FIH ਹਾਕੀ ਸਾਲਾਨਾ ਐਵਾਰਡ ਦੀ ਦੌੜ 'ਚ



ਲੁਸਾਨੇ- ਭਾਰਤੀ ਕਪਤਾਨ ਹਰਮਨਪ੍ਰੀਤ ਸਿੰਘ ਨੂੰ ਮੰਗਲਵਾਰ ਨੂੰ ਐੱਫ. ਆਈ. ਐੱਚ. (ਕੌਮਾਂਤਰੀ ਹਾਕੀ ਸੰਘ) ਵੱਲੋਂ ਸਾਲ ਦੇ ਸਰਵਸ੍ਰੇਸ਼ਠ ਖਿਡਾਰੀ ਦੇ ਐਵਾਰਡ ਲਈ ਨਾਮਜ਼ਦ ਕੀਤਾ ਗਿਆ ਹੈ ਜਦਕਿ ਧਾਕੜ ਪੀ. ਆਰ. ਸ਼੍ਰੀਜੇਸ਼ ਸਾਲ ਦੇ ਸਰਵਸ੍ਰੇਸ਼ਠ ਗੋਲਕੀਪਰ ਦੇ ਸਨਮਾਨ ਦਾ ਦਾਅਵੇਦਾਰ ਹੋਵੇਗਾ। ਹਰਮਨਪ੍ਰੀਤ ਤੇ ਸ਼੍ਰੀਜੇਸ਼ ਦੋਵਾਂ ਨੇ ਪੈਰਿਸ ਓਲੰਪਿਕ ਵਿਚ ਭਾਰਤ ਦੀ ਸ਼ਾਨਦਾਰ ਮੁਹਿੰਮ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਜਿੱਥੇ ਟੀਮ ਨੇ ਕਾਂਸੀ ਤਮਗਾ ਜਿੱਤਿਆ ਸੀ। ਕਪਤਾਨ ਹਰਮਨਪ੍ਰੀਤ ਨੇ 10 ਗੋਲਾਂ ਨਾਲ ਟੀਮ ਦੀ ਸ਼ਾਨਦਾਰ ਅਗਵਾਈ ਕੀਤੀ। ਉਹ ਇਸ ਓਲੰਪਿਕ ਵਿਚ ਸਭ ਤੋਂ ਵੱਧ ਗੋਲ ਕਰਨ ਵਾਲਾ ਖਿਡਾਰੀ ਬਣਿਆ ਸੀ। ਹਰਮਨਪ੍ਰੀਤ ਇਸ ਐਵਾਰਡ ਲਈ ਥਿਏਰੀ ਬ੍ਰਿੰਕਮੈਨ (ਨੀਦਰਲੈਂਡ), ਜੋਏਪ ਡੀ ਮੋਲ(ਨੀਦਰਲੈਂਡ), ਹੇਂਸ ਮੂਲਰ (ਜਰਮਨੀ) ਤੇ ਜ਼ੈਚ ਵਾਲੇਸ (ਇੰਗਲੈਂਡ) ਦੇ ਨਾਲ ਦੌੜ ਵਿਚ ਸ਼ਾਮਲ ਹੈ। ਭਾਰਤ ਲਈ ਆਪਣੇ ਆਖਰੀ ਟੂਰਨਾਮੈਂਟ ਵਿਚ ਖੇਡਦੇ ਹੋਏ ਤਜਰਬੇਕਾਰ ਸ਼੍ਰੀਜੇਸ਼ ਨੇ ਪੂਰੇ ਟੂਰਨਾਮੈਂਟ ਵਿਚ ਸ਼ਾਨਦਾਰ ਗੋਲਕੀਪਿੰਗ ਕੀਤੀ। ਉਸ ਨੇ ਖਾਸ ਤੌਰ 'ਤੇ ਗ੍ਰੇਟ ਬ੍ਰਿਟੇਨ ਵਿਰੁੱਧ ਕੁਆਰਟਰ ਫਾਈਨਲ ਵਿਚ ਕਮਾਲ ਦਾ ਪ੍ਰਦਰਸ਼ਨ ਕੀਤਾ। ਇਸ ਮੈਚ ਦੇ ਦੂਜੇ ਕੁਆਰਟਰ ਵਿਚ ਭਾਰਤੀ ਟੀਮ 10 ਖਿਡਾਰੀਆਂ ਨਾਲ ਖੇਡ ਰਹੀ ਸੀ। ਭਾਰਤ ਨੇ ਪੈਨਲਟੀ ਸ਼ੂਟਆਊਟ ਵਿਚ ਗ੍ਰੇਟ ਬ੍ਰਿਟੇਨ ਨੂੰ 4-2 ਨਾਲ ਹਰਾ ਕੇ ਸੈਮੀਫਾਈਨਲ ਵਿਚ ਪ੍ਰਵੇਸ਼ ਕੀਤਾ ਸੀ ਤੇ ਬਾਅਦ ਵਿਚ ਸਪੇਨ ਨੂੰ 2-1 ਨਾਲ ਹਰਾ ਕੇ ਕਾਂਸੀ ਤਮਗਾ ਜਿੱਤਿਆ ਸੀ। ਸ਼੍ਰੀਜੇਸ਼ ਦਾ ਮੁਕਾਬਲਾ ਪਿਰਮਿਨ ਬਲੈਕ (ਨੀਦਰਲੈਂਡ), ਲੁਈਸ ਕੈਲਜਾਡੋ (ਸਪੇਨ), ਜੀਨ-ਪਾਲ ਡੈਨਬਰਗ (ਜਰਮਨੀ), ਟਾਮਸ ਸੈਂਟਿਆਗੋ (ਅਰਜਨਟੀਨਾ) ਨਾਲ ਹੈ।

# ਗੌਟ ਟੇਲੈਂਟ ਦੀ 17 ਸਾਲਾਂ ਦੀ ਅਮਰੀਕੀ ਡਾਂਸਰ ਐਮਿਲੀ ਗੋਲ਼ਡ ਨੇ ਕੀਤੀ ਖੁਦਕੁਸ਼ੀ



ਵਾਸ਼ਿੰਗਟਨ : ਛੋਟੀ ਉਮਰ ਵਿੱਚ ਇੱਕ ਅਮਰੀਕੀ ਲੜਕੀ ਨਾਮੀਂ ਡਾਂਸਰ ਬਣ ਗਈ ਸੀ। ਜਿਸ ਦੀ ਉਮਰ ਤਕਰੀਬਨ 17 ਸਾਲ ਹੀ ਸੀ। ਉਸ ਨੇ ਖ਼ੁਦਕੁਸ਼ੀ ਕਰਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ। ਇਸ ਦਰਦਨਾਕ ਘਟਨਾ ਨੇ ਉਸ ਦੇ ਪ੍ਰਸ਼ੰਸਕਾਂ ਨੂੰ ਡੂੰਘੇ ਦੁੱਖ ਵਿੱਚ ਛੱਡ ਦਿੱਤਾ। ਪਰ ਖੁਦਕੁਸ਼ੀ ਦੇ ਪਿੱਛੇ ਦਾ ਭੇਤ ਅਜੇ ਵੀ ਸੁਲਝਿਆ ਨਹੀਂ ਹੈ। ਅਮਰੀਕਾ ਦੇ ਸੂਬੇ ਕੈਲੀਫੋਰਨੀਆ ਦੀ 17 ਸਾਲਾ ਐਮਿਲੀ ਗੋਲਡ ਨੇ ਹਾਲ ਹੀ ਵਿਚ ਅਮਰੀਕਾਜ਼ ਗੌਟ ਟੈਲੇਂਟ ਦੇ ਕੁਆਰਟਰ ਫਾਈਨਲ ਵਿੱਚ ਆਪਣੀ ਥਾਂ ਬਣਾ ਲਈ ਸੀ। ਉਸ ਨੇ ਲਾਸ ਓਸੋਸ ਹਾਈ ਸਕੂਲ ਦੀ ਡਾਂਸ ਟੀਮਨਾਲ ਪ੍ਰਤਿਭਾ ਸ਼ੋਅ ਵਿੱਚ ਵੀ ਪ੍ਰਵੇਸ਼ ਕੀਤਾ ਸੀ।

ਹਾਲਾਂਕਿ, ਸੈਨ ਬਰਨਾਰਡੀਨੋ ਕੋਰੋਨਰ ਦੇ ਦਫਤਰ ਦੇ ਲੋਕਾਂ ਨੇ ਖੁਲਾਸਾ ਕੀਤਾ ਹੈ ਕਿ ਹਾਈ ਸਕੂਲ ਦੀ ਇਸ ਡਾਂਸਰ ਨੇ ਬੀਤੀ ਰਾਤ 11:52 ਵਜੇ ਖੁਦਕੁਸ਼ੀ ਕਰ ਲਈ। ਉਸ ਦੇ ਪ੍ਰਸ਼ੰਸਕ, ਸਾਥੀ ਡਾਂਸਰ ਅਤੇ ਸ਼ੁਭਚਿੰਤਕ ਉਸ ਦੀ ਮੌਤ ਦੀ ਖ਼ਬਰ ਸੁਣ ਕੇ ਸਦਮੇ ਵਿੱਚ ਹਨ। ਉਸ ਦੀ ਲਾਸ਼ ਅੱਧੀ ਰਾਤ ਨੂੰ ਰੈਂਚੋ ਕੁਕਾਮੋਂਗਾ ਵਿੱਚ ਇੱਕ ਓਵਰਪਾਸ ਦੇ ਹੇਠਾਂ ਤੋਂ ਮਿਲੀ। ਕੈਲੀਫੋਰਨੀਆ ਹਾਈਵੇ ਪੈਟਰੋਲ ਪਬਲਿਕ ਇਨਫਰਮੇਸ਼ਨ ਅਫਸਰ ਰੋਡਰੀਗੋ ਜਿਮੇਨੇਜ਼ ਨੇ ਦੱਸਿਆ ਕਿ ਜਦੋਂ ਅਧਿਕਾਰੀ ਘਟਨਾ ਸਥਾਨ 'ਤੇ ਪਹੁੰਚੇ ਤਾਂ ਉਨ੍ਹਾਂ ਨੂੰ 210 ਈਸਟਬਾਉਂਡ ਦੀ ਕਾਰਪੂਲ ਲੇਨ ਵਿੱਚ ਇੱਕ 17 ਸਾਲਾ ਕੁੜੀ ਦੀ ਲਾਸ਼ਮਿਲੀ ਸੀ। ਜਿਸ ਦੀ ਪਛਾਣ ਐਮਿਲੀ ਗੋਲਡ ਵਜੋਂ ਹੋਈ ਜਿਸ ਨੇ ਅਮਰੀਕਾ ਦੇ ਗੌਟ ਟੇਲੈਂਟ 'ਤੇ ਦਰਸ਼ਕਾਂ ਦੇ ਵਿੱਚ ਵਾਹ-ਵਾਹ ਖੱਟੀ ਸੀ। ਅਤੇ ਉਹ ਆਪਣੀ ਕਲਾ ਦੇ ਨਾਲ ਕੁਆਰਟਰ ਫਾਈਨਲ ਵਿੱਚ ਪਹੁੰਚ ਗਈ ਸੀ।

ਇੱਕ ਮਹੀਨੇ ਤੋ ਬਾਅਦ ਉਸਦੀ ਬੇਵਕਤੀ ਮੌਤ ਨੇ ਸਭ ਨੂੰ ਹੈਰਾਨ ਕਰ ਕੇ ਰੱਖ ਦਿੱਤਾ ਹੈ।ਲਾਸ ਓਸੋਸ ਹਾਈ ਸਕੂਲ ਯੂਨੀਵਰਸਿਟੀ ਦੇ ਸਾਰੇ ਸਟਾਫ ਨੇ ਐਮਿਲੀ ਗੋਲਡ ਦੀ ਮੌਤ 'ਤੇ ਡੂੰਘੇ ਸੋਗ ਦਾ ਪ੍ਰਗਟਾਵਾ ਵੀ ਕੀਤਾ ਅਤੇ ਇਸ ਨੂੰ ਇੰਸਟਾਗ੍ਰਾਮ 'ਤੇ ਪੋਸਟ ਵੀ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ "ਸਾਡੀ ਸੁੰਦਰ, ਦਿਆਲੂ ਅਤੇ ਪਿਆਰ ਕਰਨ ਵਾਲੀ ਐਮਿਲੀ ਗੋਲਡ ਸਾਡੇ ਵਿੱਚ ਨਹੀ ਰਹੀ ਅਤੇ ਇਹ ਭਾਰੀ ਦੁੱਖਦਾਈ ਸੂਚਨਾ ਹੈ।ਅਸੀਂ ਇੱਕ ਸੀਨੀਅਰ ਅਤੇ ਯੂਨੀਵਰਸਿਟੀ ਦੇ ਡਾਂਸ ਕਪਤਾਨ ਦੇ ਦੇਹਾਂਤ ਨੂੰ ਸਭ ਦੇ ਨਾਲ ਦੁੱਖ ਸਾਂਝਾ ਕਰਦੇ ਹਾਂ। ਐਮਿਲੀ ਗੋਲਡ ਹਮੇਸ਼ਾ ਆਪਣੀ ਤਾਕਤ, ਵਚਨਬੱਧਤਾ, ਦਿਆਲਤਾ, ਦਇਆ ਅਤੇ ਸਭ ਤੋਂ ਨਿਮਰ ਦਿਲ ਦੁਆਰਾ ਸਾਡੀ ਕੋਰ ਟੀਮ ਦੀਆਂ ਕਦਰਾਂ-ਕੀਮਤਾਂ ਦੇ ਹਰ ਪਹਿਲੂ ਨੂੰ ਦਰਸਾਉਂਦੀ ਰਹੇਗੀ।" ਲੋਸ ਓਸੋਸ ਹਾਈ ਸਕੂਲ ਯੂਨੀਵਰਸਿਟੀ ਡਾਂਸ ਟੀਮ ਨੇ ਸੋਮਵਾਰ ਨੂੰ ਇੰਸਟਾਗ੍ਰਾਮ ਦੁਆਰਾ ਇਹ ਘੋਸ਼ਣਾ ਕੀਤੀ। ਇਸ ਤੋਂ ਇਲਾਵਾ ਉਸ ਦੇ ਪਰਿਵਾਰ ਦੀ ਸਹਾਇਤਾ ਲਈ ਫੰਡ ਇਕੱਠਾ ਕੀਤਾ ਜਾ ਰਿਹਾ ਹੈ। ਜੈਨੇਟ ਫਿਏਰੋ ਨਾਂ ਦੀ ਔਰਤ ਨੇ ਗੋਫੰਡਮੀ ਦੀ ਮੁਹਿੰਮ ਸ਼ੁਰੂ ਕੀਤੀ। ਉਨ੍ਹਾਂ ਪਰਿਵਾਰ ਦੀ ਮਦਦ ਲਈ ਜਨਤਾ ਤੋ ਮਦਦ ਦੀ ਮੰਗ ਵੀ ਕੀਤੀ। ਇਸ ਦੌਰਾਨ ਅਧਿਕਾਰੀ ਗੋਲਡ ਦੀ ਮੌਤ ਦੇ ਕਾਰਨਾਂ ਬਾਰੇ ਜਾਂਚ ਕਰ ਰਹੇ ਹਨ।

# ਰਵਨੀਤ ਸਿੰਘ ਬਿੱਟੂ ਖ਼ਿਲਾਫ਼ F.I.R ਦਰਜ



ਕਾਂਗਰਸੀ ਆਗੂ ਰਾਹੁਲ ਗਾਂਧੀ ਵੱਲੋਂ ਭਾਰਤ ਵਿਚ ਸਿੱਖਾਂ ਦੀ ਸਥਿਤੀ ਬਾਰੇ ਅਮਰੀਕਾ ਵਿਚ ਦਿੱਤੇ ਬਿਆਨ ਨੂੰ ਲੈ ਕੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਉਨ੍ਹਾਂ ਵਿਰੁੱਧ ਕੀਤੀ ਗਈ ਟਿੱਪਣੀ ਨੂੰ ਲੈ ਕੇ ਐੱਫ਼ਆਈਆਰ ਦਰਜ ਕੀਤੀ ਗਈ ਹੈ। ਪੁਲੀਸ ਅਧਿਕਾਰੀਆਂ ਨੇ ਕਿਹਾ ਕਿ ਕਰਨਾਟਕ ਪ੍ਰਦੇਸ਼ ਕਾਂਗਰਸ ਕਮੇਟੀ ਦੇ ਇੱਕ ਅਧਿਕਾਰੀ ਦੀ ਸ਼ਿਕਾਇਤ ਦੇ ਆਧਾਰ 'ਤੇ ਮਾਮਲਾ ਦਰਜ ਕੀਤਾ ਗਿਆ ਹੈ। ਐਫ਼ਆਈਆਰ ਧਾਰਾ 353 (2), 192 ਅਤੇ 196 ਤਹਿਤ ਦਰਜ ਕੀਤੀ ਗਈ ਹੈ।ਇਸ ਤੋਂ ਪਹਿਲਾਂ ਬੁੱਧਵਾਰ ਨੂੰ ਕਾਂਗਰਸ ਪਾਰਟੀ ਨੇ ਕੇਂਦਰੀ ਮੰਤਰੀ ਰਵਨੀਤ ਬਿੱਟੂ ਸਮੇਤ ਭਾਰਤੀ ਜਨਤਾ ਪਾਰਟੀ ਅਤੇ ਸ਼ਿਵ ਸੈਨਾ ਦੇ ਚਾਰ ਆਗੂਆਂ ਵਿਰੁੱਧ ਪੁਲੀਸ ਸ਼ਿਕਾਇਤ ਦਰਜ ਕਰਵਾਈ ਸੀ ਅਤੇ ਐਫ਼ਆਈਆਰ ਦਰਜ ਕਰਨ ਦੀ ਮੰਗ ਕੀਤੀ। ਇਸ ਸਬੰਧੀ ਪਾਰਟੀ ਦੇ ਖਜ਼ਾਨਚੀ ਅਜੇ ਮਾਕਨ ਵੱਲੋਂ ਤੁਗਲਕ ਰੋਡ ਥਾਣੇ ਵਿਚ ਸ਼ਿਕਾਇਤ ਦਰਜ ਕਰਵਾਈ ਗਈ ਸੀ।

# ਲਾਰੈਂਸ ਬਿਸ਼ਨੋਈ ਗੈਂਗ ਵੱਲੋਂ ਸਲਮਾਨ ਖਾਨ ਦੇ ਪਿਓ ਨੂੰ ਦਿੱਤੀ ਧਮਕੀ

ਮੁੰਬਈ (ਪੰਜਾਬ ਸਟਾਰ ਬਿਊਰੋ): ਵੱਡੀ ਖ਼ਬਰ ਬਾਲੀਵੁੱਡ ਤੋਂ ਸਾਹਮਣੇ ਆ ਰਹੀ ਐ, ਜਿੱਥੇ ਸਲਮਾਨ ਖ਼ਾਨ ਦੇ ਪਰਿਵਾਰ ਨੂੰ ਫਿਰ ਤੋਂ ਗੈਂਗਸਟਰ ਲਾਰੈਂਸ ਬਿਸ਼ਨੋਈ ਵੱਲੋਂ ਡਰਾਉਣ ਦੀ ਕੋਸ਼ਿਸ਼ ਕੀਤੀ ਗਈ ਐ। ਦਰਅਸਲ ਇਸ ਵਾਰ ਸਲਮਾਨ ਖ਼ਾਨ ਦੇ ਪਿਤਾ ਸਲੀਮ ਖ਼ਾਨ ਨੂੰ ਇਹ ਧਮਕੀ ਦਿੱਤੀ ਗਈ ਐ,, ਉਹ ਵੀ ਇਕ ਔਰਤ ਦੇ ਵੱਲੋਂ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਰੋਜ਼ਾਨਾ ਦੀ ਤਰ੍ਹਾਂ ਸਲੀਮ ਖ਼ਾਨ ਸਵੇਰੇ ਸਵੇਰੇ ਮਾਰਨਿੰਗ ਵਾਕ ਕਰ ਰਹੇ ਸੀ। ਆਖ਼ਰ ਕੌਣ ਸੀ, ਉਹ ਔਰਤ,,, ਕਿਉਂ ਲਿਆ ਉਸ ਨੇ ਲਾਰੈਂਸ ਬਿਸ਼ਨੋਈ ਦਾ ਨਾਮ? ਬਾਲੀਵੁੱਡ ਦੇ ਮਸ਼ਹੂਰ ਫਿਲਮ ਅਦਾਕਾਰ ਸਲਮਾਨ ਖ਼ਾਨ ਦੇ ਪਿਤਾ ਸਲੀਮ ਖ਼ਾਨ ਨੂੰ ਲਾਰੈਂਸ ਬਿਸ਼ਨੋਈ ਗੈਂਗ ਵੱਲੋਂ ਡਰਾਉਣ ਦੀ ਕੋਸ਼ਿਸ਼ ਕੀਤੀ ਗਈ ਐ। ਜਾਣਕਾਰੀ ਅਨੁਸਾਰ ਸਲੀਮ ਖ਼ਾਨ ਹਰ ਰੋਜ਼ ਵਾਂਗ ਸਵੇਰੇ ਸਵੇਰੇ ਸੈਰ ਕਰ ਰਹੇ ਸੀ, ਜਿਸ ਤੋਂ ਬਾਅਦ ਉਹ ਇਕ ਬੈਂਚ 'ਤੇ ਬੈਠ ਗਏ, ਇਸੇ ਦੌਰਾਨ ਗਲੈਕਸੀ ਵੱਲੋਂ ਬੈਂਡ ਸਟੈਂਡ ਵੱਲੋਂ ਸਕੂਟਰੀ 'ਤੇ ਇਕ ਵਿਅਕਤੀ ਜਾ ਰਿਹਾ ਸੀ, ਜਿਸ ਦੇ ਪਿੱਛੇ ਇਕ ਔਰਤ ਬੈਠੀ ਹੋਈ ਸੀ, ਜਿਸ ਨੇ ਬੁਰਕ਼ਾ ਪਹਿਨਿਆ ਹੋਇਆ ਸੀ। ਉਸ ਅੱਗੇ ਜਾ ਕੇ ਯੂ ਟਰਨ ਲਿਆ ਅਤੇ ਸਲੀਮ ਖ਼ਾਨ ਦੇ ਕੋਲ ਆ ਕੇ ਆਖਿਆ "ਲਾਰੈਂਸ ਬਿਸ਼ਨੋਈ ਨੂੰ ਭੇਜਾਂ? ਇੰਨੀ ਗੱਲ ਆਖ ਕੇ ਉਸ ਵਿਅਕਤੀ ਸਕੂਟਰੀ ਭਜਾ ਲਈ। ਇਸ ਦੌਰਾਨ ਸਲੀਮ ਖ਼ਾਨ ਨੇ ਸਕੂਟਰੀ ਦਾ ਨੰਬਰ ਵੀ ਨੋਟ ਕਰ ਲਿਆ, ਪੁਲਿਸ ਵੱਲੋਂ ਉਸ ਸਕੂਟਰੀ ਦੀ ਭਾਲ ਕੀਤੀ ਜਾ ਰਹੀ ਐ।



ਇਹ ਘਟਨਾ ਅਜਿਹੇ ਸਮੇਂ ਵਾਪਰੀ ਐ ਜਦੋਂ ਫਿਲਮ ਅਦਾਕਾਰ ਸਲਮਾਨ ਖ਼ਾਨ ਮੁੰਬਈ ਤੋਂ ਬਾਹਰ ਗਏ ਹੋਏ ਨੇ। ਇਕ ਜਾਣਕਾਰੀ ਅਨੁਸਾਰ ਬੀਤੀ ਰਾਤ ਉਨ੍ਹਾਂ ਨੂੰ ਮੁੰਬਈ ਏਅਰਪੋਰਟ 'ਤੇ ਭਾਰੀ ਸੁਰੱਖਿਆ ਦੇ ਵਿਚਕਾਰ ਦੇਖਿਆ ਗਿਆ ਸੀ। ਇਹ ਕਿਹਾ ਜਾ ਰਿਹਾ ਏ ਕਿ ਸਲਮਾਨ ਖ਼ਾਨ ਆਉਣ ਵਾਲੀ ਫਿਲਮ 'ਸਿਕੰਦਰ' ਦੀ ਸ਼ੂਟਿੰਗ ਦੇ ਸਿਲਸਿਲੇ ਵਿਚ ਬਾਹਰ ਗਏ ਹੋ ਸਕਦੇ ਨੇ। ਇਹ ਪਹਿਲੀ ਵਾਰ ਨਹੀਂ ਐ ਜਦੋਂ ਗੈਂਗਸਟਰਾਂ ਵੱਲੋਂ ਸਲਮਾਨ ਖ਼ਾਨ ਦੇ ਪਰਿਵਾਰ ਨੂੰ ਧਮਕੀ ਦਿੱਤੀ ਗਈ ਹੋਵੇ, ਇਸ ਤੋਂ ਪਹਿਲਾਂ ਵੀ ਕਈ ਵਾਰ ਅਜਿਹਾ ਹੋ ਚੁੱਕਿਆ ਏ। ਦਰਅਸਲ ਕਈ ਸਾਲਾਂ ਤੋਂ ਬਿਸ਼ਨੋਈ ਗੈਂਗ ਸਲਮਾਨ ਖ਼ਾਨ 'ਤੇ ਹਮਲਾ ਕਰਨ ਦੀ ਤਾਕ ਵਿਚ ਐ, ਲਾਰੈਂਸ ਬਿਸ਼ਨੋਈ ਅਤੇ ਭਾਰਤ ਕੈਨੇਡਾ ਤੋਂ ਵਾਂਟੇਡ ਗੈਂਗਸਟਰ ਗੋਲਡੀ ਬਰਾੜ ਨੇ ਕਈ ਵਾਰ ਸਲਮਾਨ ਖ਼ਾਨ ਨੂੰ ਮਾਰਨ ਦਾ ਐਲਾਨ ਕੀਤਾ ਏ। ਹਾਲਾਂਕਿ ਉਨ੍ਹਾਂ ਦੀ ਇਹ ਸਾਜਿਸ਼ ਅਜੇ ਤੱਕ ਕਾਮਯਾਬ ਨਹੀਂ ਹੋ ਸਕੀ। ਉਨ੍ਹਾਂ ਨੇ ਇਸ ਤੋਂ ਪਹਿਲਾਂ ਮੁੰਬਈ ਵਿਚ ਸਲਮਾਨ ਖ਼ਾਨ 'ਤੇ ਹਮਲਾ ਕਰਨ ਦੇ ਲਈ ਆਪਣੇ ਸ਼ੂਟਰ ਭੇਜੇ ਸੀ। ਲਾਰੈਂਸ ਦਾ ਖ਼ਾਸ ਗੈਂਗਸਟਰ ਸੰਪਤ ਨੇਹਰਾ 2018 ਵਿਚ ਗਲੈਕਸੀ ਅਪਾਰਟਮੈਂਟ ਦੀ ਰੇਕੀ ਕਰਨ ਲਈ ਆਇਆ ਸੀ ਪਰ ਹਮਲੇ ਨੂੰ ਅੰਜ਼ਾਮ ਦੇਣ ਤੋਂ ਪਹਿਲਾਂ ਹੀ ਹਰਿਆਣਾ ਪੁਲਿਸ ਨੇ ਨਹਿਰਾ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਉਸ ਨੇ ਪੁੱਛਗਿੱਛ ਦੌਰਾਨ ਸਲਮਾਨ ਖ਼ਾਨ 'ਤੇ ਹਮਲੇ ਦੀ ਪੂਰੀ ਯੋਜਨਾ ਦਾ ਖ਼ੁਲਾਸਾ ਕੀਤਾ ਸੀ।




ਪੰਜਾਬ ਸਟਾਰ

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab Star. We sell the space in the newspaper, and the claims are those of the advertisers. Please consult your lawyer before buying through the advertisements published in Punjab Star.

ਬੁੱਧ ਬਾਣ

# ਮੰਤਰ ਯਾਦ ਨਹੀਂ ਨਾਗ ਛੇੜ ਲਿਆ ਕਾਲਾ !



ਇਸ ਸਮੇਂ ਸਮਾਜ ਦੇ ਹਰ ਖੇਤਰ ਵਿੱਚ ਝੂਠ ਦਾ ਬੋਲਬਾਲਾ ਹੈ। ਸੱਚ ਬੋਲਣ ਤੇ ਉਸ ਉਪਰ ਪਹਿਰਾ ਦੇਣ ਵਾਲੇ ਦਿਨੋਂ ਦਿਨ ਅਲੋਪ ਹੋ ਰਹੇ ਹਨ। ਸਮਾਜ ਨੂੰ ਸਾਧ, ਪੁਜਾਰੀ, ਸੰਤ, ਬਾਬੇ ਤੇ ਬੀਬੀਆਂ ਨੇ ਆਪਣੇ ਸ਼ਿਕੰਜੇ ਵਿੱਚ ਜਕੜਿਆ ਹੋਇਆ ਹੈ। ਪੰਜਾਬ ਦੇ ਹਰ ਰੋਜ਼ ਨਵੇਂ ਬਾਬੇ ਤੇ ਬੀਬੀਆਂ ਦੁਨੀਆਂ ਦੇ ਦੁੱਖ ਦੂਰ ਕਰਨ ਲੱਗੇ ਹੋਏ ਹਨ। ਇਹਨਾਂ ਬਾਬਿਆਂ ਦੀਆਂ ਐਨੀਆਂ ਨਸਲਾਂ ਪੈਦਾ ਹੋ ਗਈਆਂ ਹਨ, ਕੋਈ ਗਿਣਤੀ ਨਹੀਂ ਕੀਤੀ ਜਾ ਸਕਦੀ। ਡੇਰਿਆਂ ਉਪਰ ਭੀੜ ਨੂੰ ਦੇਖਿਆ ਲੱਗਦਾ ਹੈ ਕਿ ਸਾਰਾ ਸਮਾਜ ਹੀ ਕਿਸੇ ਨਾ ਕਿਸੇ ਬੀਮਾਰੀ ਤੋਂ ਪੀੜਤ ਹੈ। ਇਸ ਦੁੱਖ ਦਾ ਇਲਾਜ ਕਰਵਾਉਣ ਲਈ ਲੋਕ ਬਾਬਿਆਂ ਦੇ ਕੋਲ ਜਾਂਦੇ ਹਨ। ਬੀਬੀਆਂ ਆਪਣੀਆਂ ਇੱਜ਼ਤਾਂ ਬਰਬਾਦ ਕਰਵਾਉਂਦੀ ਹਨ। ਭੀੜ ਸਿੱਧੀ ਸਵਰਗ ਦੀਆਂ ਪੌੜੀਆਂ ਚੜ੍ਹਦੀ ਹੈ। ਹੁਣ ਹੀ ਯੂਪੀ ਦੇ ਵਿੱਚ ਇੱਕ ਡੇਰੇ ਦੇ ਵਿੱਚ ਸਵਾ ਕੁ ਸੈਂਕੜਾ ਲੋਕ ਸਵਰਗ ਪੁਜ ਗਏ ਹਨ। ਬਾਬਾ ਫ਼ਰਾਰ ਹੋ ਗਿਆ ਹੈ। ਪੁਲਿਸ ਉਸਨੂੰ ਲੱਭਦੀ ਫਿਰਦੀ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਦੂਜੇ ਚੌਥੇ ਦਿਨ ਹੁੰਦੀਆਂ ਹਨ। ਲੋਕਾਂ ਦੀ ਸ਼ਰਧਾ ਵਿੱਚ ਕੋਈ ਕਮੀਂ ਨਹੀਂ ਆਉਂਦੀ। ਚਾਰੇ ਪਾਸੇ ਹਨੇਰਗਰਦੀ ਵੱਧ ਰਹੀ ਹੈ। ਕੋਈ ਧਰਮ ਬਦਲਾਅ ਰਿਹਾ ਐ। ਕੋਈ ਭੂਤ ਕੱਢਣ ਲੱਗਿਆ ਹੋਇਆ ਹੈ। ਲੋਕ ਮੂਰਖ ਬਣੇ ਤਮਾਸ਼ਾ ਕਰ ਰਹੇ ਹਨ ਤੇ ਦੇਖ ਰਹੇ ਹਨ। ਇਸ ਹਾਲਤ ਵਿੱਚ ਮੇਰਾ ਵਰਗਾ ਕੀ ਕਰੇਗਾ? ਝੂਠ ਦਾ ਹਨੇਰਾ ਵਧਦਾ ਜਾ ਰਿਹਾ ਹੈ। ਇਹ ਵੀ ਨਹੀਂ ਕਿ ਝੂਠ ਸਦਾ ਜਿੱਤੀ ਜਾਵੇਗਾ। ਉਸਦਾ ਇੱਕ ਦਿਨ ਪਰਦਾ ਉਤਰ ਜਾਂਦਾ ਹੈ। ਜਦ ਚਾਰੇ ਪਾਸੇ ਹੀ ਝੂਠ ਦਾ ਹਨੇਰਾ ਹੋ ਜਾਂਦਾ ਹੈ ਤਾਂ ਚਾਨਣ ਕਰਨ ਲਈ ਦੀਵਾ ਜਗਾਉਣਾ ਪੈਦਾ ਹੈ। ਦੀਵਾ ਤਾਂ ਜਗਦਾ ਹੈ ਜੇ ਤੇਲ, ਬੱਤੀ, ਦੀਵਾ ਤੇ ਅੱਗ ਹੋਵੇ। ਅੱਗ ਹਰ ਇੱਕ ਕੋਲ ਨਹੀਂ ਹੁੰਦੀ ਜੇ ਹੋਵੇ ਤਾਂ ਦੀਵਾ ਨਹੀਂ ਹੁੰਦਾ ਤੇ ਤੇਲ ਨਹੀਂ ਹੁੰਦਾ। ਜਦੋਂ ਸਭ ਕੁੱਝ ਹੁੰਦੇ ਵੀ ਜੇ ਕੋਈ ਨਾ ਜਗੇ ਤੇ ਨਾ ਹੋਰ ਦੀਪ ਨਾ ਜਗਾਏ ਤਾਂ ਅੱਗ ਕੋਲ ਰੱਖਣ ਦਾ ਕੋਈ ਅਰਥ ਨਹੀਂ ਹੁੰਦਾ। ਬਹੁਗਿਣਤੀ ਲੋਕ ਤਾਂ ਅੱਗ ਨੂੰ ਭੁੱਬਲ ਹੇਠਾਂ ਹੀ ਦੱਬ ਕੇ ਰੱਖਦੇ ਹਨ। ਉਹ ਇਹ ਅੱਗ ਨਾਲ ਹੀ ਲੈ ਕੇ ਇਕ ਦਿਨ ਆਪਣੀ ਹੀ ਅੱਗ ਵਿੱਚ ਸੜ ਜਾਂਦੇ ਹਨ। ਸੜੀ ਤੇ ਜਲੀ ਕੋਈ ਅੱਗ ਕਿਸੇ ਕੰਮ ਨਹੀਂ ਆਉਂਦੀ । ਅੱਗ ਜਦ ਸਵਾਹ ਬਣ ਜਾਵੇ ਤਾਂ ਭਾਂਡੇ ਮਾਂਜਣ ਦੇ ਹੀ ਕੰਮ ਆਉਦੀ ਹੈ। ਬਹੁਤੇ ਗਿਆਨ ਹੀਣ ਇਹ ਸਵਾਹ ਨੂੰ ਕਈ ਵਾਰ ਸਿਰ ਵੀ ਪੁਆ ਲੈਂਦੇ ਹਨ। ਸਿਰ ਵਿਚ ਸਵਾਹ ਪੈ ਜਾਣ ਨਾਲ ਬੰਦਾ ਕਿਸੇ ਕੰਮ ਤੇ ਭਰੋਸੇ ਦਾ ਨਹੀਂ ਰਹਿੰਦਾ। ਉਝ ਰਹਿੰਦਾ ਧਰਤੀ ਦੇ ਉਪਰ ਰਹਿੰਦਾ ਕੁੱਝ ਵੀ ਨਹੀਂ । ਜੋ ਜਨਮਿਆ ਹੈ, ਇਕ ਦਿਨ ਮਰ ਜਾਣਾ ਹੈ। ਜੰਮਣ ਮਰਨ ਸੱਚ ਹੈ। ਜ਼ਿੰਦਗੀ ਜਿਉਣਾ ਵੀ ਮਹਾਨ ਸੱਚ ਹੈ। ਬੱਚਾ ਜਨਮ ਸਮੇਂ ਬੰਦ ਮੁੱਠੀਆਂ ਲੈ ਕੇ ਜਨਮਦਾ ਹੈ। ਫੇਰ ਜੀਵਨ ਦੇ ਚੱਕਰਵਿਊ ਵਿੱਚ ਪੈ ਕੇ ਗੁਨਾਹਾਂ ਦੀ ਪੰਡ ਵਧਾ ਲੈਂਦਾ ਹੈ। ਬਹੁਗਿਣਤੀ ਵਿਅਕਤੀ ਖਾਣ ਦੇ ਲਈ ਜਿਉਂਦੇ ਹਨ ਤੇ ਕੁੱਝ ਕੁ ਲੋਕ ਹੀ ਹੁੰਦੇ ਹਨ, ਜੋ ਸਿਰਫ ਜਿਉਂਦੇ ਰਹਿਣ ਲਈ ਖਾਂਦੇ ਹਨ ਤੇ ਉਹ ਲੋਕਾਂ ਵਾਸਤੇ ਜਿਉਂਦੇ ਹਨ ਤੇ ਦੀਵੇ ਜਗਾਉਂਦੇ ਹਨ। ਦੂਜਿਆਂ ਦੇ ਲਈ ਜਿਉਣ ਦੀ ਗੱਲ ਜਦੋਂ ਕਿਸੇ ਨੂੰ ਸਮਝ ਆਉਦੀ ਹੈ, ਉਦੋਂ ਤੱਕ ਬਾਗ ਉਜੜ ਜਾਂਦਾ ਹੈ। ਫੇਰ ਉਜੜੇ ਬਾਗਾਂ ਦੇ ਗਾਲੜ ਪਟਵਾਰੀ ਬਣ ਜਾਂਦੇ ਹਨ। ਜਿਵੇਂ ਇੱਕ ਵਾਰ ਚੂਹੇ ਨੂੰ ਅਦਰਕ ਦੀ ਗੱਠੀ ਲੱਭ ਗਈ ਤੇ ਉਹ ਪੰਸਾਰੀ ਬਣ ਕੇ ਬਹਿ ਗਿਆ ਸੀ। ਹਰ ਕੋਈ ਪੰਸਾਰੀ ਨਹੀਂ ਹੁੰਦਾ ਤੇ ਜਿਸ ਬੰਦੇ ਦੀ ਸੋਚ ਵਪਾਰੀਂ ਵਰਗੀ ਹੋਵੇ, ਉਹ ਜਿਥੇ ਵੀ ਹੋਵੇਗਾ ਵਪਾਰ ਕਰੇਗਾ । ਵਪਾਰੀ ਦੀ ਸੋਚ ਹੀ ਲੁੱਟਮਾਰ ਕਰਨ ਦੀ ਹੁੰਦੀ ਹੈ। ਜਿਹੜੇ ਗਿਆਨ ਦੇ ਦੀਵੇ ਜਗਾਉਦੇ ਹਨ, ਉਹ ਬਹੁਤ ਘੱਟ ਹੁੰਦੇ ਹਨ, ਬਹੁਗਿਣਤੀ ਤਾਂ ਗਿਆਨ ਦੇ ਨਾਮ ਉਤੇ ਵਪਾਰ ਕਰਦੇ ਹਨ। ਹੁਣ ਗਿਆਨ ਦਾ ਵਪਾਰ ਚੋਖੇ ਮੁਨਾਫੇ ਵਾਲਾ ਹੋ ਗਿਆ ਹੈ। ਗਿਆਨ ਵੰਡਣ ਦੀ ਦੁਕਾਨਾਂ ਘਰ ਘਰ ਖੁੱਲ੍ਹ ਗਈਆਂ ਹਨ ਪਰ ਦਿਨੋਂ ਦਿਨ ਸਮਾਜ ਵਿੱਚ ਹਨੇਰ ਵੱਧ ਰਿਹਾ ਹੈ। ਜਦੋਂ ਗਿਆਨ ਦੀ ਕੁੰਜੀ ਬ੍ਰਾਹਮਣ ਦੇ ਹੱਥ ਸੀ ਤਾਂ ਉਸਨੇ ਪੁਜਾਰੀ ਪੈਦੇ ਕਰ ਲਏ। ਪੁਜਾਰੀਆਂ ਨੇ ਭੇਸ ਬਦਲ ਕੇ ਆਪੋ ਆਪਣੀਆਂ ਦੁਕਾਨਾਂ ਚਲਾ ਲਈਆਂ । ਅੱਜਕੱਲ੍ਹ ਗਿਆਨ ਵੰਡਣ ਵਾਲੀਆਂ ਦੁਕਾਨਾਂ ਵੱਧ ਫੁੱਲ ਰਹੀਆਂ ਹਨ। ਗਿਆਨ ਨੇ ਮਨੁੱਖ ਨੂੰ ਆਪਣੇ ਅੰਦਰ ਸੁੱਤੀ ਅੱਗ ਨੂੰ ਜਗਾਉਣਾ ਸੀ। ਇਸ ਗਿਆਨ ਨੇ ਮਨੁੱਖ ਦੇ ਅੰਦਰ ਸੁੱਤਾ ਨਾਗ ਜਗਾ ਦਿੱਤਾ । ਹਾਲਤ ਇਹ ਬਣ ਗਈ ਹੈ ਜਿਵੇਂ ਗਾਇਕ ਦੀਦਾਰ ਸੰਧੂ ਗਾਉਂਦਾ ਹੈ।

"ਬਈ ਭੁੱਲ ਗਈ ਮੰਤਰ ਨੂੰ, ਨਾਗ ਛੇੜ ਲਿਆ ਕਾਲਾ !

ਗਿਆਨ ਦਾ ਮੰਤਰ ਯਾਦ ਕਰਨ ਲਈ ਬਹੁਤ ਕੁੱਝ ਤਿਆਗ ਕਰਨਾ ਪੈਦਾ ਹੈ। ਹਰ ਮਨੁੱਖ ਤਿਆਗੀ ਤੇ ਲਿਹਾਜ਼ੀ ਨਹੀਂ ਹੁੰਦਾ। ਲਿਹਾਜ਼ੀ ਬੰਦਾ ਭੁੱਖ ਨਾਲ ਮਰਦਾ ਤੇ ਲੋਕ ਸੇਵਾ ਕਰਦਾ ਹੈ। ਜਿਹੜੇ ਤਿਆਗੀ ਹੋਣ ਉਹ ਵਪਾਰੀ ਤੇ ਪੁਜਾਰੀ ਨਹੀਂ ਹੁੰਦੇ। ਵਪਾਰੀ ਤੇ ਪੁਜਾਰੀ ਦੇ ਯਾਰ ਅਧਿਕਾਰੀ ਹੁੰਦੇ ਹਨ। ਅਧਿਕਾਰੀ ਆਪਣੇ ਅਧਿਕਾਰਾਂ ਦੀ ਇਹਨਾਂ ਦੇ ਨਾਲ ਰਲ ਕੇ ਦੁਰਵਰਤੋਂ ਕਰਦੇ ਹਨ। ਹਰ ਅਧਿਕਾਰੀ ਵਪਾਰੀ ਨਹੀਂ ਹੁੰਦਾ ਜਿਹੜੇ ਵਪਾਰੀ ਸੋਚ ਦੇ ਅਧਿਕਾਰੀ ਹੁੰਦੇ ਹਨ.ਉਸ ਸੱਚ ਮੁੱਚ ਦੇ ਸਰਕਾਰੀ ਹੁੰਦੇ ਹਨ। ਸਰਕਾਰ ਦਾ ਕੰਮ ਲੁੱਟਣਾ ਹੁੰਦਾ ਹੈ। ਸਰਕਾਰ ਨੂੰ ਚਲਾਉਣ ਲਈ ਪੁਜਾਰੀਆਂ, ਵਪਾਰੀਆਂ ਤੇ ਅਧਿਕਾਰੀਆਂ ਦੀ ਲੋੜ ਹੁੰਦੀ ਹੈ। ਜਦ ਇਹ ਤਿੱਕੜੀ ਬਣਦੀ ਹੈ ਤਾਂ ਇਹ ਲੋਕਾਂ ਦੇ ਨਾਲ ਚੌਸਰ ਖੇਡਣ ਲੱਗਦੇ ਹਨ। ਸ਼ੁਕਨੀ ਤੇ ਭਵੀਸ਼ਨ ਵਰਗੇ ਸਦਾ ਹੀ ਪਾਸਾ ਪਲਟ ਦੇ ਰਹਿੰਦੇ ਹਨ। ਜਦ ਘਰਦੇ ਭੇਤੀ ਦੁਸ਼ਮਣ ਨਾਲ ਰਲਦੇ ਹਨ ਤਾਂ ਲੰਕਾ ਢਹਿੰਦੀ ਹੈ। ਜੰਗ ਦੇ ਮੈਦਾਨ ਵਿੱਚ ਕੋਈ ਸਿੱਧੀ ਲੜ੍ਹਾਈ ਜਿੱਤ ਨਹੀਂ ਸਕਦਾ। ਜੰਗ ਹਮੇਸ਼ਾ ਛਲ,ਕਪਟ ਤੇ ਧੋਖੇ ਨਾਲ ਜਿੱਤੀ ਜਾਂਦੀ ਹੈ। ਜੰਗ ਹਥਿਆਰਾਂ ਦੇ ਨਾਲ ਨਹੀਂ ਵਿਚਾਰਾਂ ਨਾਲ ਲੜੀ ਜਾਂਦੀ ਹੈ। ਚੰਗੇ ਵਿਚਾਰ ਪੈਦਾ ਕਰਨ ਲਈ ਚੰਗੀ ਸੋਚ ਤੇ ਭਵਿੱਖਮੁਖੀ ਯੋਜਨਾ ਦਾ ਹੋਣਾ ਜਰੂਰੀ ਹੈ। ਫਸਲ ਇਕ ਦਿਨ ਵਿੱਚ ਰੋਟੀ ਨਹੀਂ ਬਣਦੀ। ਰੋਟੀ ਦਾ ਸਫਰ ਬਹੁਤ ਲੰਮਾ ਹੈ। ਬੀਜ, ਧਰਤੀ.ਪਾਣੀ ਧੁੱਪ ਤੇ ਮਿਹਨਤ ਨਾਲ ਕੀਤੀ ਤਪੱਸਿਆ ਹੀ ਅਨਾਜ ਰੋਟੀ ਤੱਕ ਪੁਜਦਾ ਹੈ। ਰੋਟੀ ਦਰਖ਼ਤਾਂ ਨੂੰ ਨਹੀਂ ਲੱਗਦੀ । ਰੋਟੀ ਧਰਤੀ ਮਾਤਾ ਜੰਮਦੀ ਹੈ, ਕਿਰਤੀ ਉਸਦੀ ਪਰਵਿਸ਼ ਕਰਦਾ ਹੈ। ਧਰਤੀ ਦਾ ਦੇਣ ਕੋਈ ਨਹੀਂ ਦੇ ਸਕਦਾ। ਧਰਤੀ ਮਿੱਟੀ ਹੈ ਤੇ ਅਸੀਂ ਮਿੱਟੀ ਦਾ ਵੀ ਮੁੱਲ ਵੱਟੀ ਜਾ ਰਹੇ ਹਾਂ। ਜ਼ਮੀਨ ਜੱਟ ਦੀ ਮਾਂ ਹੁੰਦੀ ਹੈ, ਅਸੀਂ ਆਪਣੀ ਮਾਂ ਨੂੰ ਵੇਚ ਰਹੇ ਹਾਂ। ਖੁਸ਼ੀ ਵਿਚ ਚੀਕਾਂ ਮਾਰਦੇ ਆ, ਮਿੱਟੀ ਦੀ ਕਦਰ ਨਹੀਂ ਕਰਦੇ ! ਮਿੱਟੀ ਦਾ ਕੋਈ ਮੁੱਲ ਨਹੀਂ ਹੁੰਦਾ। ਸਦਾ ਗਰਜ਼ਾਂ ਵਿਕਦੀਆਂ ਹਨ। ਧਰਤੀ ਨੂੰ ਕੋਈ ਖਰੀਦ ਨਹੀਂ ਸਕਦਾ। ਧਰਤੀ ਨਾ ਘਟਦੀ ਨਾ ਵੱਧਦੀ ਹੈ। ਜੇ ਕੁੱਝ ਵੱਧ ਦਾ ਤਾਂ ਮਨੁੱਖ ਦੀ ਲਾਲਸਾ ਵੱਧਦੀ ਹੈ । ਲਾਲਸਾ ਦਾ ਪੇਟ ਨਹੀ ਹੁੰਦੇ। ਜਿਵੇਂ ਬੰਦੂਕਾਂ ਦੇ ਢਿੱਡ ਨਹੀਂ ਹੁੰਦੇ। ਚੁੱਪ ਸ਼ਾਂਤੀ ਦੀ ਨਹੀਂ, ਤੂਫਾਨ ਦੀ ਹੁੰਦੀ ਹੈ। ਸ਼ੋਰ ਤੇ ਜ਼ੋਰ ਹੰਕਾਰ ਦਾ ਹੁੰਦਾ ਹੈ। ਚੁੱਪ ਕਦੇ ਵੀ ਆਵਾਜ਼ਹੀਣ ਨਹੀਂ ਹੁੰਦੀ । ਸੋਚ ਕਦੇ ਮਰਦੀ ਨਹੀਂ । ਰਾਤ ਕੋਈ ਲੰਮੀ ਨਹੀਂ ਹੁੰਦੀ । ਹਨੇਰਾ ਸਦੀਵੀ ਨਹੀਂ ਹੁੰਦਾ। ਜਦ ਧਰਤੀ ਪਾਸਾ ਪਲਟਦੀ ਹੈ ਤਾਂ ਚਾਨਣ ਹੁੰਦਾ ਹੈ। ਸੁੱਤਾ ਨਾਗ ਤੇ ਸੋਚ ਜਗਾਉਣ ਲਈ ਸਪੇਰਾ ਬੀਨ ਵਜਾਉਂਦਾ ਹੈ। ਸੱਪ ਬੀਨ ਦੀ ਆਵਾਜ਼ ਦੇ ਨਾਲ ਨਹੀਂ, ਸਗੋਂ ਧਰਤੀ ਨਾਲ ਤਨ ਦੀਆਂ ਤਰੰਗਾਂ ਨਾਲ ਮੇਲਦਾ ਹੈ। ਜਿਵੇਂ ਸੱਪ ਦੇ ਕੰਨ ਨਹੀਂ ਹੁੰਦੇ, ਉਸੇ ਤਰ੍ਹਾਂ ਸਮਾਜ ਬਹਿਰਾ ਨਹੀਂ ਹੁੰਦਾ ਪਰ ਬਹਿਰਾ ਹੋਣ ਦਾ ਛੜਯੰਤਰ ਰਚਦਾ ਹੈ। ਘੜਾ ਭਰ ਕੇ ਡੁੱਬ ਦਾ ਹੈ। ਤਗੜੇ ਦਾ ਸਦਾ ਹੀ ਸੱਤੀਂ ਵੀਹਾਂ ਸੌ ਨਹੀਂ ਹੁੰਦਾ । ਜਦ ਕਿਰਤੀ ਨੂੰ ਮੁੜਕੇ ਦੇ ਮਹਿਕ ਦੀ ਤਾਕਤ ਦਾ ਪਤਾ ਲੱਗਦਾ ਹੈ ਤਾਂ ਕੋਈ ਬੰਦਾ ਬਹਾਦਰ ਬਣ ਕੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦੇਦਾ ਹੈ। ਕੋਈ ਮਨੁੱਖ ਅਚਾਨਕ ਬੰਦਾ ਸਿੰਘ ਬਹਾਦਰ ਨਹੀਂ ਬਣਦਾ। ਮਨੁੱਖ ਨੂੰ ਬੰਦਾ ਬਣਾਉਣ ਦੇ ਲਈ ਬਹੁਤ ਕੁੱਝ ਵਾਰਨਾ ਪੈਦਾ ਹੈ। ਕਿਸੇ ਲਈ ਕੁੱਝ ਉਹ ਹੀ ਵਾਰ ਸਕਦਾ ਹੈ ਜਿਸ ਦੇ ਕੋਲ ਤਿਆਗ ਹੋਵੇ। ਤਿਆਗੀ ਮਨੁੱਖ ਹੀ ਤੇਗ ਬਹਾਦਰ ਬਣਦਾ ਹੈ। ਸੀਸ ਤਲੀ ਉਤੇ ਉਹ ਹੀ ਰੱਖ ਕੇ ਤੁਰ ਸਕਦਾ ਜਿਸਦੇ ਕੋਲ ਆਪਣਾ ਸੀਸ ਹੋਵੇ। ਬਹੁਗਿਣਤੀ ਤਾਂ ਬਿਨ੍ਹਾਂ ਸੀਸ ਦੇ ਧੜ ਚੁੱਕੀ ਫਿਰਦੀ ਹੈ। ਫਿਰਨ ਤੇ ਚਰਨ ਵਾਲਾ ਮਨੁੱਖ ਬੰਦਾ ਨਹੀਂ ਬਣ ਸਕਦਾ। ਜਦ ਮਨੁੱਖ ਨੂੰ ਆਪਣੇ ਹੀ ਅੰਦਰ ਸੁੱਤੀ ਅੱਗ ਦਾ ਪਤਾ ਲੱਗਦਾ ਹੈ ਤੇ ਉਹ ਭਾਂਬੜ ਆਪ ਨਹੀਂ ਬਲਦਾ ਸਗੋਂ ਗਿਆਨ ਦੇ ਦੀਵੇ ਜਗਾਉਦਾ ਹੈ। ਗਿਆਨ ਡਿਗਰੀਆਂ ਨਾਲ ਨਹੀਂ ਤਜਰਬਿਆਂ ਨਾਲ ਆਉਦਾ ਹੈ। ਗਿਆਨ ਜਿਲਦਾਂ ਤੇ ਬਗੈਰ ਜਿਲਦਾਂ ਵਾਲੀਆਂ ਕਿਤਾਬਾਂ ਦੇ ਪੜ੍ਹਨ ਨਾਲ ਆਉਦਾ ਹੈ। ਜਦ ਕੂੜ ਪ੍ਰਧਾਨ ਹੋ ਜਾਵੇ ਤਾ ਫਿਰ ਕੋਈ ਚੀਕ ਬੁਲਬਲੀ ਮਾਰਦਾ ਹੈ। ਜੰਗਲਾਂ ਦੇ ਵਿੱਚ ਸ਼ਿਕਾਰ ਹਥਿਆਰਾਂ ਨਾਲ ਨਹੀਂ ਸੋਚ ਤੇ ਸਮਝਦਾਰੀ ਨਾਲ ਖੇਡਿਆ ਜਾਂਦਾ ਹੈ। ਅੱਖ ਵਿੱਚ ਅੱਖ ਪਾ ਕੇ ਗੱਲ ਉਹ ਕਰਦਾ ਹੈ, ਜਿਸਦੇ ਮਨ ਵਿੱਚ ਖੋਟ ਨਾ ਹੋਵੇ। ਨੀਵੀਂ ਪਾ ਕੇ ਗੱਲ ਕਰਨ ਵਾਲਾ ਭਰੋਸੇਯੋਗ ਨਹੀਂ ਹੁੰਦਾ। ਹੱਸ ਹੱਸ ਗੱਲ ਕਰਨ ਵਾਲਾ ਕੱਚਾ ਘੜਾ ਹੁੰਦਾ ਹੈ। ਝਨਾਂ ਪੱਕੇ ਹੀ ਤਰਦੇ ਹਨ । ਜਦ ਕੂੜ ਦਾ ਢੇਰ ਵੱਧਦਾ ਹੈ ਤਾਂ ਸਫਾਈ ਕਰਨ ਵਾਲੇ ਭੰਗੀ ਹੀ ਸਦਾ ਮੂਹਰੇ ਆਉਦੇ ਹਨ। ਮੈਨੂੰ ਆਪਣੀ ਇਕ ਕਵਿਤਾ ਦੇ ਬੋਲ ਚੇਤੇ ਆਉਦੇ ਹਨ:

ਸ਼ੂਦਰ

ਹਾਂ ਮੈਂ ਸ਼ੂਦਰ ਹਾਂ
ਹੱਥ ਵਿੱਚ ਝਾੜੂ
ਮੱਥੇ ਵਿੱਚ ਸੋਚ
ਮੈਂ ਆਪਣੇ ਹਿੱਸੇ ਦੀ
ਸਫਾਈ ਕਰਦਾ ਹਾਂ
ਤੁਸੀਂ ਕੀ ਕਰਦੇ ਹੋ ?

ਕੂੜ ਤੇ ਝੂਠ ਦੇ ਕੰਧ ਕਦੇ ਛੱਤ ਤੱਕ ਨਹੀਂ ਪੁਜਦੀ। ਅੱਤ ਦਾ ਅੰਤ ਹੁੰਦਾ ਹੈ। ਅੱਤ ਖੁਦਾ ਵੈਰ ਹੁੰਦਾ ਹੈ !

ਕੂੜ ਸਦਾ ਪ੍ਰਧਾਨ ਨਹੀਂ ਰਹਿੰਦਾ। ਜਦ ਕਦੇ ਮਨੁੱਖ ਦੇ ਅੰਦਰ ਸੁੱਤੀ ਅੱਗ ਜਾਗੀ ਤੇ ਮਨੁੱਖ ਨੇ ਇਤਿਹਾਸ ਬਦਲਿਆ ਹੈ। ਹੁਣ ਬਹੁਗਿਣਤੀ ਆਪਣੇ ਅੰਦਰ ਅੱਗ ਲਕੋਈ ਬੈਠੇ ਹਨ। ਜਦ ਕਦੇ ਥੋੜ੍ਹੀ ਜਿਹੀ ਹਵਾ ਚੱਲੀ ਇਸ ਨੇ ਭਾਂਬੜ ਬਣ ਜਾਣਾ ਹੈ ! ਹੁਣ ਇਸ ਸੁੱਤੀ ਅੱਗ ਨੂੰ ਬਹੁਤੀ ਦੇਰ ਸਵਾਹ ਹੇਠਾਂ ਡਰ ਦਾ ਡਰਾਵਾ ਦੇ ਕੇ ਛੁਪਾਇਆ ਨਹੀਂ ਜਾ ਸਜਦਾ। ਹੁਣ ਹਵਾ ਦਾ ਰੁਖ ਬਦਲਣ ਵਾਲਾ ਹੀ ਹੈ। ਪੂਰਾ ਬੰਦ ਹੋਣ ਨਾਲ ਹੀ ਮੌਸਮ ਬਦਲਦਾ ਹੈ ! ਪਰ ਇਸ ਵੇਲੇ ਅਜਿਹਾ ਕੋਈ ਗੋਰਖ ਨਾਥ ਨਜ਼ਰ ਨਹੀਂ ਆਉਂਦਾ ਜਿਹੜਾ ਪੂਰਨ ਨੂੰ ਅੰਨੇ ਖੂਹ ਵਿਚੋਂ ਬਾਹਰ ਕੱਢਣ ਲਈ ਕੋਈ ਮੰਤਰ ਮਾਰੇ। ਹੁਣ ਤਾਂ ਸਾਰੇ ਹੀ ਧਰਮਾਂ ਦੇ ਗੋਰਖ ਨਾਥ, ਵਪਾਰ ਦਾ ਗੋਰਖ ਧੰਦਾ ਕਰ ਰਹੇ ਹਨ। ਮੰਤਰ ਉਨ੍ਹਾਂ ਦੇ ਲਈ ਸਿਰਫ ਮਾਇਆ ਹੈ। ਉਹ ਇਸ ਮਾਇਆ ਦੇ ਨਾਲ ਸਭ ਨੂੰ ਕੀਲ ਰਹੇ ਹਨ। ਉਹਨਾਂ ਦੇ ਘੇਰੇ ਵਿੱਚ ਸਭ ਫ਼ਸੇ ਹੋਏ ਹਨ। ਪੁਲਿਸ ਅਧਿਕਾਰੀ, ਵਪਾਰੀ ਤੇ ਸਿਆਸਤਦਾਨ। ਉਹਨਾਂ ਨੂੰ ਉਹ ਆਪਣੀ ਪਟਾਰੀ ਵਿੱਚ ਬੰਦ ਕਰਕੇ ਰੱਖਦੇ ਹਨ। ਕਿਉਂ ਕਿ ਮਾਇਆ ਦੇ ਸਭ ਭੁੱਖੇ ਹਨ। ਇਸੇ ਕਰਕੇ ਉਹ ਚੁੱਪ ਹਨ। ਲੋਕ ਲੁੱਟੇ ਜਾ ਰਹੇ ਹਨ। ਉਹਨਾਂ ਨੇ ਗਿਆਨ ਦਾ ਮੰਤਰ ਵਿਸਾਰ ਦਿੱਤਾ ਹੈ।



ਬੁੱਧ ਸਿੰਘ ਨੀਲੋਂ
94643 70823

# ਤੱਤੇ ਮੜੈਲ !

ਤੱਤੇ ਹੋਣਾ ਜ਼ਿੰਦਗੀ ਆ ! ਚੱਲਦੇ ਸਾਹਾਂ ਦੀ ਨਿਸ਼ਾਨੀ ਏ ਸਰੀਰ ਵਿਚਲੀ ਗਰਮਾਹਟ ! ਵਰਨਾ ਠੰਡੀ ਤੇ ਲਾਸ਼ ਹੁੰਦੀ ਏ ! ਪਿੰਡਾਂ ਚ, ਕਦੇ ਬਜ਼ੁਰਗ ਨੇ ਰਿੜ੍ਹਨ ਲੱਗਣਾ ਸਾਰੇ ਟੱਬਰ ਨੇ ਹੱਥਾਂ ਪੈਰਾਂ ਦੀਆਂ ਤਲੀਆਂ ਚੱਸਣ ਡਹਿ ਪੈਣਾ, ਬਾਬੇ ਨੇ ਫਿਰ ਮੋਸ਼ਨ ਫੜ ਲੈਣਾ ! ਜਾਂਦਾ ਜਾਂਦਾ ਦੋ ਤਿੰਨ ਦਿਵਾਲੀਆਂ ਦੁਸਹਿਰੇ ਵੇਖ ਜਾਂਦਾ ਸੀ।

ਠੰਡੀ ਪਈ ਲਾਸ਼ ਲਾਗੇ ਕੋਈ ਉਸਤੱਤ ਕਰੇ ਜਾਂ ਨਿੰਦਾ ਕੋਈ ਫ਼ਰਕ ਨੀ ਪੈਂਦਿਾ ! ਪਰ ਧੜਕਦੇ ਦਿਲ ਸਾਹਮਣੇ ਕੋਈ ਗੁਰੂ ਦੀ ਨਿੰਦਾ ਕਰੇ ਜਾਂ ਗੁਰੂ ਵੱਲੋਂ ਸਤਿਕਾਰਤ ਸ਼ਹੀਦਾਂ ਦੀ ਤੌਹੀਨ ਉਸ ਲਈ ਤੇ ਫਿਰ "ਗੁਰ ਕੀ ਨਿੰਦਾ ਸੁਣੇ ਨਾ ਕਾਨ ਭੇਟ ਕਰੋ ਤਿਸ ਸੰਗ ਕਿਰਪਾਨ" ਚਲੋ ਜੇ ਮੌਕੇ ਤੇ ਕਿਰਪਾਨ ਨਾ ਹੋਵੇ ਹੱਥ ਦਾ ਹਥੌੜਾ ਬਣਾਉਣਾ ਵੀ ਹਰ ਸਿੱਖ ਲਈ ਵਾਜ਼ਬ ਏ ! ਬਸ਼ਰਤੇ ਸਿੰਘ ਤੱਤਾ ਹੋਵੇ ਜਿੰਓਦੀ ਲਾਸ਼ ਨਹੀ ! ਇਹ ਗੱਲ ਹਰ ਗੁਰੂ ਪਿਆਰੇ ਤੇ ਢੁੱਕਦੀ ਏ ।

ਸੋ ਅੱਜ ਗੱਲ ਕਰਦੇ ਆ ਮੜੈਲਾਂ ਦੀ ਜਿੰਨਾ ਤੇ ਤੱਤੇ ਹੋਣ ਦੇ ਦੋਸ਼ ਅਕਸਰ ਲੱਗਦੇ ਰਹਿੰਦੇ ਆ ਤੇ ਲਾਉਂਦੇ ਵੀ ਸੰਵਿਧਾਨ ਦੀ ਧਾਰਾ 25 ਭ ਆਲੇ ਪੱਗਾਂ ਚ, ਸਿਰ ਫਸਾਈ ਹਾਢੇ ਆਪਣੇ ਈ ਆ ! ਖੈਰ ਤੱਤੇ ਹੋਣਾ ਈ ਹਾਢੀ ਚੜਦੀ ਕਲਾ ਦਾ ਪ੍ਰਤੀਕ ਆ ! ਪਹਿਲਾਂ ਸਾਰੀਆਂ ਭੈਣਾਂ ਤੇ ਵੀਰਾਂ ਕੋਲੋ ਮੁਆਫ਼ੀ ਕਿ ਸਵਾ ਮਹੀਨੇ ਦੀ ਘੋਰ ਤੱਪਸਿਆ ਮਗਰੋਂ ਮੈਂ ਮੜੈਲ ਦਾਸ ਸੇਖੋਂ ਸੰਗਤਾਂ ਨੂੰ ਮੁਖਾਤਿਬ ਹੋ ਰਿਹਾ ਵਾਂ ! ਵਜਾ ਚੜਦੀ ਕਲਾ ! ਭਾਵ ਰਾਜ਼ੀ ਖੁਸ਼ ਸਾਂ ਬੱਸ ਨੈੱਟਵਰਕ ਬੰਦ ਸੀ !

"ਮੜੈਲ ਭਾਊ, ਸੁਭਾਅ ਦੇ ਕੱਬੇ ਤੇ ਦਿਲ ਦੇ ਸਾਊ" ਭਾਊਆਂ ਦਾ ਘਿਓ ਦਾ ਘੜਾ ਵੀ ਰੁੜਜੇ ਹੱਸੀ ਜਾਣਗੇ ਦਿਲ ਤੇ ਨੂੰ ਲਾਉਂਦੇ। ਪਰ ਜੇ ਗੱਲ ਕਿਹੇ ਨੇ ਗੁਰੂ ਸਾਹਿਬਾਂ ਦੇ ਸਤਿਕਾਰ ਜਾਂ ਸ਼ਹੀਦਾਂ ਦੀ ਸ਼ਾਨ ਖਿਲਾਫ਼ ਕਰਤੀ ਫੇਰ ਆਪ ਨੀ ਜਾਂ ਗਾਹਕ ਨੀ। ਇਹ ਮੜੈਲ ਮਿੱਟੀ ਦੀ ਖਸਲਤ ਏ। ਬਿਰਧ ਉਮਰ ਚ, ਮੜੈਲ ਬਾਬਾ ਜੀ ਹਿਰਦਿਆਂ ਨੂੰ ਠੰਡ ਪਾਉਣ ਵਾਲੀ ਬਾਣੀ ਦੀ ਲਿਖਾਈ ਕਰ ਰਹੇ ਨੇ ਕੋਲ ਸਵਾ ਸੇਰ ਦਾ ਖੰਡਾ ਪਿਆ ਹੈ। ਕਿਸੇ ਆਣ ਖ਼ਬਰ ਦਿੱਤੀ ਬਾਬਾ ਜੀ ਕੁਹ ਦੁਸ਼ਟ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿਤਰਤਾ ਵੱਲੇ ਭੈੜੀ ਨਜ਼ਰ ਨਾਲ ਵੇਖ ਰਹੇ ਨੇ। ਬਸ ਫੇਰ ਮੜੈਲ ਬਾਬਾ ਜੀਆਂ ਨੇ ਕਲਮ ਰੱਖ ਖੰਡੇ ਦੇ ਮੁੱਠੇ ਨੂੰ ਐਸਾ ਹੱਥ ਪਾਇਆ ਕਿ ਖੰਡਾ ਤੇ ਸੀਸ ਗੁਰੂ ਚਰਨਾਂ ਚ, ਭੇਟ ਕਰ ਆਖ਼ਰੀ ਸਾਹ ਲਿਆ।

ਕਈ ਸਾਬਕਾ ਲੜਾਕੂ ਨੈਟ ਤੇ ਬਹਿ ਪ੍ਰਵਚਨ ਦੇਣ ਡਹਿ ਪੈਂਦੇ ਅਖੇ ਸ੍ਰੀ ਦਰਬਾਰ ਸਾਹਿਬ ਤੋਂ ਧਮਕੀਆਂ ਜਾਂਦੀਆਂ ਰਹੀਆਂ। ਉਹਨਾਂ ਕਾਨਵੈਂਟ ਦੇ ਪਾਹੜੂ ਅੰਨਪੜਾਂ ਨੂੰ ਦੱਸ ਦਈਏ ਕਿ ਇਸ ਦਰਬਾਰ ਸਾਹਿਬ 'ਚੋ ਮੜੈਲ ਮੱਸੇ ਦਾ ਸਿਰ ਵੱਢ ਬੁੱਢੇ ਜੌੜ ਦੇ ਬਰੇਤਿਆਂ 'ਚ ਖਿੱਦੋ ਖੂੰਡੀ ਵੀ ਖੇਡਦੇ ਰਹੇ ਆ।

ਮੜੈਲ ਕਦੇ ਕਦੇ ਹੂੜਮੱਤੀਏ ਵੀ ਬਣ ਜਾਂਦੇ ਕਮਲ਼ੇ ! ਗੁਰੂ ਨਾਲ ਵੀ ਇਸ ਹੰਉ ਤੇ ਰੁੱਸ ਜਾਂਦੇ ਕਿ ਜੱਗ ਰੁੱਸ ਜੁ ਕਲਗੀਆਂ ਵਾਲਾ ਸੱਚਾ ਪਾਤਸ਼ਾਹ ਤੇ ਰੁੱਸਣ ਨੀ ਲੱਗਾ ! ਪਹਿਰ ਚਾਰ ਨੀ ਲੰਘਣ ਦਿੰਦੇ ਤੇ ਖਿਦਰਾਣੇ ਦੀ ਢਾਬ ਤੇ ਕਿਰਪਾਨਾਂ ਖੜਕਣ ਡਹੀਆਂ ਹੁੰਦੀਆਂ ! ਬਖਸਿੰਦ ਗੁਰੂ ਪਾਤਸ਼ਾਹ ਜੀਆਂ ਦਾ ਮੜੈਲਾਂ ਨਾਲ ਪਿਆਰ ਵੇਖੋ ਕਿਹੇ ਨੂੰ ਦੱਸ ਲੱਖੀਆ ਕਿਹੇ ਨੂੰ ਵੀਹ ਤੀਹ ਪੰਜਾਹ ਲੱਖੀਆ ਆਖ ਨਿਵਾਜ਼ ਰਹੇ ਨੇ ! ਹੁਣ ਗੁਰੂ ਵੱਲੋਂ ਨਿਵਾਜੇ ਸ਼ਹੀਦਾਂ ਨੂੰ ਕੋਈ ਕੁਹ ਕਹੇ ਫੇ ਮੜੈਲਾਂ ਦਾ ਤੱਤਾ ਹੋਣਾ ਬਣਦਾ ਕਿ ਨਹੀਂ। ਦੋ ਜਹਾਨ ਦੇ ਵਾਲੀ ਨੀਲੇ ਦੇ ਸ਼ਾਹ ਅਸਵਾਰ ਮਾਝੇ ਦੀ ਭੋਂਅ ਦੀ ਤਸੀਰ ਨੂੰ ਖ਼ੂਬ ਜਾਣਦੇ ਸਨ ਉਹਨਾਂ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਵੀ ਆਖ ਦਿੱਤਾ ਕਿ ਵੇਖ ਭਾਈ ਜਦੋਂ ਤਾਂਈ ਮੜੈਲ ਨਾ ਆਉਣ ਸਰਹੰਦ ਤੇ ਹੱਲਾ ਨੀ ਕਰਨਾ ਸਾਹਿਬ ਏ ਕਮਾਲ ਜਾਣਦੇ ਸਨ ਕਿ ਮੜੈਲ ਸੁਹਾਗਾ ਡਾਹਢਾ ਮਾਰਦੇ ਆ। ਗੁਰੂ ਕਿਰਪਾ ਨਾਲ ਜੋ ਹਸ਼ਰ "ਹਿੰਦ ਦੇ ਸਿਰ" "ਸਰਹੰਦ" ਦਾ ਹੋਇਆ ਜਮਾਨੇ ਨੇ ਵੇਖਿਆ।

ਆਦਿ ਕਾਲ ਤੋਂ ਲੈਕੇ ਅਟਾਰੀ ਵਾਲੇ ਬੁੱਢੇ ਸ਼ੇਰ, ਗਦਰੀ ਬਾਬੇ, ਜਰਨੈਲ ਸ਼ਾਹਬੇਗ ਸਿੰਘ ਵੀਰ ਜਿੰਦਾ, ਭਾਈ ਸਤਵੰਤ ਤੇ ਮਾਝੇ ਦੇ ਜਰੇ ਜਰੇ ਤੇ ਕੋਈ ਨਾ ਕੋਈ ਮੜੈਲ ਯੋਧਾ , ਜਰਨੈਲ ਸੂਰਮਾ ਹੋਇਆ ਜਿਹਦਾ ਆਪਣਾ ਇੱਕ ਇਤਹਾਸ ਹੈ ਇਸ ਮਿੱਟੀ ਦੇ ਜਾਇਆਂ ਤੱਤੇ ਮੜੈਲਾਂ ਤੇ ਹਜ਼ਾਰਾਂ ਪੱਤਰੇ ਲਿੱਖੇ ਜਾ ਸਕਦੇ ! ਆਹ ਹੁਣ ਦੀ ਤਾਜ਼ੀ ਉਦਾਹਰਣ ਵਾ ਮੜੈਲ ਭਾਉ ਅੰਮ੍ਰਿਤਪਾਲ ਸਿੰਹ ਨੇ ਹਕੂਮਤ ਨੂੰ ਵੰਗਾਰ ਕਿ ਦਸਤਾ ਕਿ ਜ਼ਰਖੇਜ਼ ਧਰਤੀ ਨੇ ਯੋਧੇ ਜੰਮਣੇ ਬੰਦ ਨੀ ਕੀਤੇ ! ਉਸ ਦੀ ਆਮਦ ਨੇ ਦੇਸ਼ ਵਿਦੇਸ਼ ਵਿਚਲੇ ਪੱਗਾਂ ਚ, ਸਿਰ ਫਸਾਈ ਰਾਸ਼ਟਰਵਾਦੀ ਗੁੰਗੇ ਵੀ ਚੀਕਣ ਲਾਤੇ ਜਿਹੜੇ ਤਿੰਨ ਦਹਾਕਿਆਂ ਤੋਂ ਸਾਇਲੈਂਟ ਮੋਡ ਤੇ ਲੱਗੇ ਸੀ !

ਮੁਆਫ ਕਰਨਾ ਦੋਸਤੋ ਕਿਸੇ ਨੇ ਸਵਾਲ ਮੜੈਲਾਂ ਤੇ ਕੀਤਾ ਸੀ ਤਾਂ ਸੰਖੇਪ ਜਾਣਕਾਰੀ ਸਾਂਝੀ ਕਰਨੀ ਪਈ ! ਵੈਸੇ ਗੁਰ ਭਾਈਆਂ ਚ, ਮਾਝੇ, ਮਾਲਵੇ ਦੁਆਬੇ ਵਾਲਾ ਸਵਾਲ ਨਹੀ ! ਗੁਰੂ ਸਿੱਖ ਪੰਜਾਬ, ਹਿੰਦੋਸਤਾਨ ਜਾਂ ਕਿਤੇ ਵੀ ਸੰਸਾਰ ਦੇ ਕੋਨੇ ਚ, ਹੋਵੇ ਦਸਮੇਸ਼ ਜੀ ਦਾ ਫਰਜੰਦ ਹੈ ਪਰ ਹੋਵੇ ਤੱਤਾ ਜਾਗਦੀ ਜ਼ਮੀਰ ਵਾਲਾ, ਬਾਬਰ ਨੂੰ ਜਾਬਰ ਕਹਿਣ ਵਾਲਾ, ਰਾਜ ਕਰੇਗਾ ਖ਼ਾਲਸਾ ਦੇ ਸੰਕਲਪ ਵਾਲਾ ਤੇ ਸਰਬਤ ਦੇ ਭਲੇ ਵਾਲਾ ! ਵਾਹਿਗੁਰੂ ਆਪਣੇ ਪਿਆਰੇ ਖ਼ਾਲਸੇ ਨੂੰ ਸਦੈਵ ਤੱਤਾ ਰੱਖੇ ਤੇ ਨਿੰਦਕਾਂ ਨੂੰ ਬਰਫ਼ ਚ, ਲਾਕੇ ਵਰਨਾ ਲਾਸ਼ਾਂ ਬੋ ਮਾਰ ਜਾਂਦੀਆਂ ਨੇ !

ਹੋਈਆਂ ਭੁੱਲਾਂ ਦੀ ਖਿਮਾ ਜੀ !
ਅਕਾਲ ਸਹਾਇ !

ਬਿੱਟੂ ਅਰਪਿੰਦਰ ਸਿੰਘ ਮੜੈਲ

CANADIAN TRUCK TRAINING CENTRE





ਹਰਪਾਲ ਸਿੰਘ ਮਾਨ

ਤਸੱਲੀਬਖਸ਼ ਸੇਵਾਵਾਂ ਲਈ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662



UNIVERSAL MORTGAGES
CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# ਨੌਜਵਾਨਾਂ ਵਿਚ ਪਰਵਾਸ ਦੇ ਰੁਝਾਨ ਕਾਰਨ ਪੰਜਾਬ ਖਤਰੇ ਵਿੱਚ??



ਨੌਜਵਾਨਾਂ ਵਿੱਚ ਪਰਵਾਸ ਦਾ ਰੁਝਾਨ ਵਧ ਰਿਹਾ ਹੈ। ਬਹੁਤੇ ਲੋਕ ਭਾਰਤ ਵਿੱਚ ਸਿੱਖਿਆ ਪ੍ਰਣਾਲੀ ਦੇ ਨਿਘਾਰ, ਘਟਦੇ ਰੁਜ਼ਗਾਰ ਦੇ ਮੌਕੇ, ਬੱਚਿਆਂ ਦੇ ਭਾਰਤ ਵਿੱਚ ਅਸੁਰੱਖਿਅਤ ਭਵਿੱਖ ਕਾਰਨ ਬਾਹਰਲੇ ਮੁਲਕਾਂ ਵਿੱਚ ਜਾਣ ਨੂੰ ਮਜ਼ਬੂਰ ਹਨ। ਪੰਜਾਬ ਤੋਂ ਹੀ ਨਹੀਂ, ਸਾਰੇ ਭਾਰਤ ਦੇ ਵਿਦਿਆਰਥੀਆਂ ਵਿੱਚ ਬਾਹਰ ਜਾਣ ਦਾ ਰੁਝਾਨ ਦੇਖਣ ਨੂੰ ਮਿਲ਼ ਰਿਹਾ ਹੈ। ਪੰਜਾਬ 'ਚ ਵੀ ਪਿਛਲੇ ਸਮੇਂ ਤੋਂ ਵਿਦੇਸ਼ਾਂ 'ਚ ਜਾਣ ਦਾ ਰੁਝਾਨ ਵਧਿਆ ਹੈ, ਇਸ ਦਾ ਕਾਰਨ ਸਪੱਸ਼ਟ ਤੌਰ 'ਤੇ ਜੱਗ ਜਾਹਿਰ ਹੈ ਕਿ ਅੱਜ ਪੰਜਾਬ ਸਰਕਾਰ ਕੋਲ ਨੌਜਵਾਨਾਂ ਲਈ ਭਾਂਡੇ ਖ਼ਾਲੀ ਹਨ। ਬੇਰੁਜ਼ਗਾਰੀ ਦਾ ਆਲਮ ਇਸ ਤਰ੍ਹਾਂ ਹੈ ਕਿ "ਪੇਂਡੂ ਤੇ ਸੱਨਅਤੀ ਵਿਕਾਸ ਸਰਵੇਖਣ" ਦੀ ਇੱਕ ਰਿਪੋਰਟ ਮੁਤਾਬਕ ਪੰਜਾਬ ਦੀ 2 ਕਰੋੜ, 77 ਲੱਖ ਅਬਾਦੀ 'ਚੋਂ 22.22 ਲੱਖ ਨੌਜਵਾਨ ਬੇਰੁਜ਼ਗਾਰ ਨੇ, 15.55 ਲੱਖ ਨੌਕਰੀ ਦੀ ਭਾਲ 'ਚ ਨੇ ਤੇ 14.46 ਲੱਖ ਉਹ ਹਨ ਜਿਹਨਾਂ ਨੂੰ 3-6 ਮਹੀਨੇ ਹੀ ਕੰਮ ਮਿਲ਼ਦਾ ਹੈ। ਪੰਜਾਬ 'ਚ ਅੱਜ ਪੜ੍ਹੇ ਲਿਖੇ ਨੌਜਵਾਨਾਂ ਨੂੰ ਵੀ ਆਪਣਾ ਭਵਿੱਖ ਧੁੰਦਲਾ ਹੀ ਨਜ਼ਰ ਆ ਰਿਹਾ ਹੈ। ਪੰਜਾਬ 'ਚ ਬਾਦਲ ਸਰਕਾਰ ਦੇ ਬਦਲ 'ਚ ਆਈ ਕੈਪਟਨ ਸਰਕਾਰ ਤੇ ਆਪ ਦੀ ਸਰਕਾਰ ਵੀ ਲੋਕਾਂ ਨੂੰ ਘਰ-ਘਰ ਨੌਕਰੀ ਦੇ ਬੱਸ ਲਾਰਿਆਂ ਨਾਲ਼ ਹੀ ਟਰਕਾ ਦਿੱਤਾ। ਇੱਥੋਂ ਦੀਆਂ ਮਾੜੀਆਂ ਜੀਵਨ ਹਾਲਤਾਂ ਨੌਜਵਾਨਾਂ ਨੂੰ ਵਿਦੇਸ਼ ਦੇ ਸੁਪਨੇ ਵੱਲ ਲੈ ਕੇ ਜਾਂਦੀਆਂ ਹਨ। ਪੰਜਾਬ ਦੇ ਮੁਕਾਬਲਤਨ ਵਿਦੇਸ਼ਾਂ 'ਚ ਜ਼ਿਆਦਾ ਬਿਹਤਰ ਜੀਵਨ ਹਾਲਤਾਂ ਦੀ ਖਿੱਚ ਨੌਜਵਾਨਾਂ ਨੂੰ ਆਪਣਾ ਭਵਿੱਖ ਕੁੱਝ ਰੁਸ਼ਨਾਉਂਦਾ ਨਜ਼ਰ ਆਉਂਦਾ ਹੈ। ਨੌਜਵਾਨ ਸੁਪਨਿਆਂ ਦੀ ਉਡਾਰੀ ਦੀ ਕਾਹਲ 'ਚ ਚੰਗੇ ਭਵਿੱਖ ਲਈ ਵੀ ਉਹਨਾਂ ਨੂੰ ਕਈ ਤਰ੍ਹਾਂ ਦੀ ਕੁਰਬਾਨੀਆਂ ਕਰਨੀਆਂ ਪੈਂਦੀਆਂ ਨੇ। ਲੋਕਾਂ ਦੀ ਮਜਬੂਰੀ ਦਾ ਫਾਇਦਾ ਚੁੱਕਦੇ ਹੋਏ ਪੰਜਾਬ 'ਚ ਸਰ੍ਹੇਆਮ ਟਰੈਵਲ ਏਜੰਟਾਂ ਦਾ ਗੈਰ ਕਨੂੰਨੀ ਢੰਗ ਨਾਲ਼ ਵਿਦੇਸ਼ਾਂ 'ਚ ਭੇਜਣ ਦਾ ਪੂਰਾ ਕਾਰੋਬਾਰ ਚੱਲਦਾ ਹੈ। ਲੋਕ ਜ਼ਮੀਨ ਵੇਚਕੇ, ਉਧਾਰ ਜਾਂ ਵਿਆਜ 'ਤੇ ਫੜ੍ਹਕੇ, ਘਰਬਾਰ, ਗਹਿਣਾ ਗੱਟਾ ਵੇਚਕੇ ਵਿਦੇਸ਼ ਜਾਣ ਦਾ ਹੀਲਾ ਕਰਦੇ ਨੇ। ਇਨ੍ਹਾ ਵਿੱਚੋਂ ਬਹੁਤਿਆਂ ਨਾਲ਼ ਠੱਗੀ ਵੱਜਦੀ ਹੈ, ਜਿਹੜੇ ਘਰੋਂ ਤੁਰ ਪੈਂਦੇ ਹਨ ਉਹ ਰਸਤੇ ਵਿੱਚ ਚੋਰ ਮੋਰੀਆਂ ਲੰਘਦੇ ਠੰਢ ਨਾਲ਼, ਭੁੱਖੇ ਤਿਹਾਏ ਜਾਂ ਬਿਮਾਰ ਹੋ ਕੇ ਮੌਤ ਨੂੰ ਵੀ ਗਲ਼ ਲਾਉਂਦੇ ਨੇ ਜਾਂ ਫਿਰ ਸਮੁੰਦਰਾਂ 'ਚ ਡੋਬਕੇ ਮਾਰ ਦਿੱਤੇ ਜਾਂਦੇ ਹਨ। ਕਈਆਂ ਨੂੰ ਏਜੰਟਾਂ ਵੱਲੋਂ ਭਾਰਤ 'ਚ ਹੀ ਲੋਕਾਂ ਨੂੰ ਮਾਰ ਕੇ ਜਾਂ ਅਗਵਾ ਕਰਕੇ ਰੋਲ ਦਿੱਤਾ ਜਾਂਦਾ ਹੈ। ਜਿਹੜੇ ਕਿਸੇ ਮੁਲਕ ਵਿੱਚ ਚੋਰੀ ਛਿਪੇ ਪਹੁੰਚ ਵੀ ਜਾਂਦੇ ਹਨ, ਉਹਨਾਂ 'ਚੋਂ ਵੀ ਬਹੁਤਿਆਂ ਨੂੰ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰਨਾ ਪੈਂਦਾ ਹੈ, ਉਨ੍ਹਾਂ ਦੀ ਸ਼ੋਸ਼ਣ ਕੀਤੀ ਜਾਂਦੀ ਹੈ, ਬੰਧੂਆ ਮਜ਼ਦੂਰ ਬਣਾ ਲਿਆ ਜਾਂਦਾ ਹੈ ਜਾਂ ਫਿਰ ਫੜ੍ਹੇ ਜਾਣ 'ਤੇ ਜੇਲ੍ਹਾਂ ਵਿੱਚ ਰੁਲਣਾ ਪੈਂਦਾ ਹੈ। ਇਸ ਸਬੰਧੀ "ਯੂਨਾਈਟਿਡ ਨੇਸ਼ਨਜ਼ ਆਫ ਡਰੱਗਜ ਐਂਡ ਕਰਾਈਮ" ਵੱਲੋਂ ਹਾਲ ਹੀ ਵਿੱਚ ਜਾਰੀ ਰਿਪੋਰਟ ਵਿੱਚ ਖੁਲਾਸਾ ਕੀਤਾ ਗਿਆ ਹੈ ਕਿ ਹਰ ਸਾਲ 50 ਹਜ਼ਾਰ ਪੰਜਾਬੀ ਗੈਰ-ਕਨੂੰਨੀ ਢੰਗ ਨਾਲ਼ ਵਿਦੇਸ਼ਾਂ ਵਿੱਚ ਜਾਂਦੇ ਹਨ ਅਤੇ ਇਸ ਵੇਲੇ ਇੱਕ ਲੱਖ ਪੰਜਾਬੀ ਵਿਦੇਸ ਦੀਆਂ ਜੇਲ੍ਹਾਂ ਵਿੱਚ ਬੰਦ ਹਨ। "ਯੂਨਾਈਟਿਡ ਨੇਸ਼ਨਜ਼ ਆਫ ਡਰੱਗਜ ਐਂਡ ਕਰਾਈਮ" ਅਨੁਸਾਰ ਇਨ੍ਹਾਂ ਨੌਜਵਾਨਾਂ ਤੋਂ ਠੱਗ ਏਜੰਟਾਂ ਨੇ ਖ਼ੂਨ ਪਸੀਨੇ ਦੀ ਕਮਾਈ ਦਾ 2,000 ਕਰੋੜ ਰੁਪਿਆ ਡਕਾਰ ਲਿਆ ਹੈ ਅਤੇ 50 ਹਜਾਰ ਪਰਿਵਾਰ ਇਸ ਲੁੱਟ ਕਾਰਨ ਅੱਜ ਨਰਕ ਦੀ ਜ਼ਿੰਦਗੀ ਜਿਊਣ ਲਈ ਮਜ਼ਬੂਰ ਹਨ। "ਭਾਸਕਰ ਅਖਬਾਰ" ਦੇ ਸਰਵੇਖਣ ਮੁਤਾਬਕ ਜਨਵਰੀ 2016 ਤੋਂ ਜੂਨ 2023 ਤੱਕ 1ਲੱਖ ਲੋਕਾਂ ਤੋਂ 22 ਹਜ਼ਾਰ, 870 ਕਰੋੜ ਰੁਪਏ ਠੱਗੇ ਜਾ ਚੁਕੇ ਹਨ। ਇਸ ਮੁਤਾਬਕ ਹਰ ਵਿਅਕਤੀ ਤੋਂ ਔਸਤਨ 19 ਲੱਖ ਰੁਪਏ ਠੱਗੇ ਜਾਂਦੇ ਨੇ ਤੇ ਹੋਰ ਛੋਟੇ-ਛੋਟੇ ਮਾਮਲੇ ਤਾਂ ਦਰਜ਼ ਹੀ ਨਹੀਂ ਹੁੰਦੇ। ਸਰਵੇਖਣ 'ਚ 100 ਤੋਂ ਵੱਧ ਪੀੜਤ ਪਰਿਵਾਰਾਂ ਨਾਲ਼ ਗੱਲ ਕੀਤੀ ਉਹਨਾਂ ਦਾ ਕਹਿਣਾ ਸੀ ਕਿ ਪੁਲਿਸ ਵੱਲੋਂ ਸਾਨੂੰ ਕੁੱਝ ਖਾਸ ਉਮੀਦ ਨਹੀਂ ਹੁੰਦੀ। ਜ਼ਿਆਦਾਤਰ ਮਾਮਲਿਆ 'ਚ ਪੁਲਿਸ ਇਹਨਾਂ ਟਰੈਵਲ ਏਜੰਟਾਂ ਤੋਂ ਕਮਿਸ਼ਨ ਖਾਂਦੀ ਹੈ ਜਿਸ ਕਰਕੇ ਕੋਈ ਸਖ਼ਤ ਕਾਰਵਾਈ ਨਹੀਂ ਕੀਤੀ ਜਾਂਦੀ। 150 ਤੋਂ ਵੱਧ ਟਰੈਵਲ ਏਜੰਸੀਆਂ ਚੱਲ ਰਹੀਆਂ ਹਨ ਜਿਹੜੀਆਂ ਫਰਜੀ ਨੇ ਤੇ ਸਰਕਾਰ ਵੱਲੋਂ ਉਹਨਾਂ ਵਿਰੁੱਧ ਕੋਈ ਸਖਤ ਕਾਰਵਾਈ ਨਹੀਂ ਹੁੰਦੀ। ਤੁਸੀਂ ਇਸ ਸਰਵੇਖਣ ਤੋਂ ਆਪ ਅੰਦਾਜਾ ਲਗਾ ਸਕਦੇ ਹੋ ਕਿ ਸਾਡੀਆਂ ਸਰਕਾਰਾਂ ਦਾ ਰੌਂਅ ਲੋਕਾਂ ਵੱਲ ਕਿਹੋ ਜਿਹਾ ਹੈ ਇੱਕ ਤਾਂ ਸਰਕਾਰ ਸਾਡੇ ਨੌਜਵਾਨਾਂ ਦੇ ਭਵਿੱਖ ਲਈ ਕੋਈ ਜ਼ਿੰਮੇਵਾਰੀ ਨਹੀਂ ਚੁਕਦੀ ਤੇ ਦੂਸਰਾ ਆਪਣਾ ਭਵਿੱਖ ਸੰਵਾਰਨ ਲਈ ਮਜ਼ਬੂਰ ਹੋਏ ਪਰਿਵਾਰਾਂ ਨੂੰ ਪਰਵਾਸ ਦੇ ਨਾਂ 'ਤੇ ਠੱਗਣ ਵਾਲ਼ਿਆ ਵੱਲ ਕਿੰਨੇ ਕੁ ਸਖਤ ਕਦਮ ਚੁੱਕਦੀ ਹੈ। ਇਹ ਖੁੱਲੇਆਮ ਲੋਕਾਂ ਤੋਂ ਪੈਸਾ ਠਗ ਰਹੇ ਹਨ ਤੇ ਇਹਨਾਂ ਠੱਗਣ ਵਾਲ਼ਿਆਂ ਦੀ ਗਿਣਤੀ ਸਰਕਾਰ ਦੀ ਮਿਹਰਬਾਨੀ ਨਾਲ਼ ਲਗਾਤਾਰ ਵਧ ਰਹੀ ਹੈ। ਬੇਰੁਜ਼ਗਾਰੀ ਨੇ ਸਭ ਤੋਂ ਵੱਧ ਬੱਚਿਆਂ ਨੂੰ ਦੇਸ਼ ਵਿਚੋਂ ਜਾਣ ਲਈ ਮਜਬੂਰ ਕੀਤਾ ਹੈ, ਨਸ਼ਿਆਂ ਦਾ ਰੁਝਾਨ, ਮਾਪਿਆਂ ਦਾ ਆਪਣੀ ਔਲਾਦ ਨੂੰ ਇੰਨਾ ਅਲਾਮਤਾਂ ਤੋਂ ਬਚਾਉਣਾ ਵੀ ਮੁੱਖ ਕਾਰਨ ਹੋ ਸਕਦਾ ਹੈ।ਪਰ ਪਰਵਾਸ ਦੇ ਰੁਝਾਨ ਨੇ ਪੰਜਾਬ ਦੀ ਜੁਆਨੀ ਨੂੰ ਉਨ੍ਹਾਂ ਔਝੜੇ ਰਾਹਾਂ ਤੇ ਪਾ ਦਿਤਾ ਹੈ। ਉਹਨਾਂ ਨੂੰ ਆਪਣਾ ਭਵਿੱਖ ਨਹੀਂ ਪਤਾ ਅੱਗੇ ਕੀ ਹੈ। ਮਾਪਿਆਂ ਦਾ ਇਕੱਲਾਪਨ ਬਿਰਧ ਆਸ਼ਰਮ ਵਿੱਚ ਰੁਲ ਰਿਹਾ ਹੈ। ਪੰਜਾਬ ਨੂੰ ਪਰਵਾਸ ਨੇ ਖਾਲੀ ਕਰ ਦਿੱਤਾ ਹੈ।ਜੇ ਕਿਸੇ ਨੂੰ ਪਰਵਾਸ ਨਾਲ ਫਾਇਦਾ ਹੋਇਆ ਹੈ ਤਾਂ ਉਹ ਸਰਕਾਰ ਤੇ ਏਜੰਟਾਂ ਨੂੰ ਜਿੰਨਾ ਦੀ ਪਰਵਾਸ ਕਰਕੇ ਚਾਂਦੀ ਹੋਈ ਹੈ। ਸਰਕਾਰ ਨੇ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਦੀ ਥਾਂ ਆਈਲੈਟਸ ਸੈਂਟਰ ਧੜਾਧੜ ਖੋਲ ਦਿੱਤੇ ਹਨ । ਪਰਵਾਸ ਦੇ ਰੁਝਾਨ ਦਾ ਖਮਿਆਜਾ ਸਭ ਤੋਂ ਵੱਧ ਖੁੱਲੇ ਕੁਝ ਸਿੱਖਿਆ ਤੇ ਪ੍ਰੋਫੈਸ਼ਨਲ ਕਾਲਜਾਂ ਨੂੰ ਭੁਗਤਣਾ ਪੈ ਰਿਹਾ ਹੈ। ਸਭ ਤੋਂ ਵੱਧ ਲੋਕ ਡੌਂਕੀ ਲੈ ਕੇ ਦੋ ਨੰਬਰ ਵਿੱਚ ਜਾ ਰਹੇ ਹਨ। ਜਿਨਾਂ ਦੇ ਸਾਹਮਣੇ ਮੌਤ ਹੈ , ਪਰਵਾਸ ਦੇ ਬਾਵਜੂਦ ਵੀ ਨੌਜਵਾਨਾਂ ਦਾ ਭਵਿੱਖ ਖਾਲੀ ਹੈ।

ਉਚੇਰੀ ਸਿੱਖਿਆ ਲਈ ਵਿਦੇਸ਼ ਜਾਣਾ ਮਾੜੀ ਗੱਲ ਨਹੀਂ, ਪਰ ਆਈਲੈਟਸ ਦੇ ਨਾਂ ਉੱਤੇ ਵਿਦੇਸ਼ਾਂ ਵਿਚ ਜਾ ਕੇ ਹੀਲੇ-ਵਸੀਲੇ ਉਥੇ ਹੀ ਤੇ ਟਿਕ ਜਾਣਾ ਚਿੰਤਾ ਦਾ ਵਿਸ਼ਾ ਹੈ। ਪੰਜਾਬ ਦੀ ਜੁਆਨੀ ਹਰ ਸਾਲ ਲੱਖਾਂ ਦੀ ਤਦਾਦ 'ਚ ਪੰਜਾਬ ਛੱਡਣਾ ਤੇ ਅਰਬਾਂ ਰੁਪਿਆ ਹਰ ਸਾਲ ਪੰਜਾਬ ਤੋਂ ਬਾਹਰ ਵਿਦੇਸ਼ੀ ਯੂਨੀਵਰਸਿਟੀਆਂ ਕਾਲਜਾਂ ਨੂੰ ਫੀਸ ਦੇ ਰੂਪ ਵਿੱਚ ਜਾ ਰਿਹਾ ਹੈ।

ਪੰਜਾਬ ਤਾਂ ਪਹਿਲਾਂ ਹੀ ਆਰਥਿਕ ਸੰਕਟ 'ਚ ਗ੍ਰਸਿਆ ਹੈ। ਇਥੋਂ ਦੀ ਕਿਰਸਾਨੀ ਵੀ ਮਾਨਸਿਕ ਤੌਰ 'ਤੇ ਦਿਨੋ ਦਿਨ ਟੁੱਟਦੀ ਜਾ ਰਹੀ ਹੈ। ਸੂਬੇ ਦੇ ਮੱਧ ਵਰਗ ਪਰਿਵਾਰਾਂ ਉੱਤੇ ਇਹ ਨਾ ਸਹਿਣਯੋਗ ਮਾਲੀ ਬੋਝ ਅੰਦਰੋ ਅੰਦਰੀ ਖੋਖਲੇ ਕਰੀ ਜਾ ਰਿਹਾ ਹੈ, ਪਹਿਲਾਂ ਕਿਹਾ ਜਾਂਦਾ ਸੀ ਕਿ ਪੰਜਾਬ ਦੇ 90 ਫੀਸਦੀ ਕਿਸਾਨ ਕਰਜ਼ੇ ਦੀ ਮਾਰ ਹੇਠ ਹਨ, ਪਰਵਾਸ ਨੇ ਤਾਂ ਤਕਰੀਬਨ ਹਰ ਪੰਜਾਬੀ ਹੀ ਵਡੇ ਕਰਜ਼ੇ ਦੀ ਮਾਰ ਹੇਠ ਕਰ ਦਿੱਤਾ ਹੈ , ਦੇਸ਼ 'ਚ ਸਭ ਤੋਂ ਵੱਧ ਧਰਤੀ ਹੇਠਲੇ ਪਾਣੀ ਦੀ ਵਰਤੋਂ ਕਰ ਕੇ ਆਪ ਰੇਗਿਸਤਾਨ ਬਣਨ ਵਲ ਪੁਲਾਘਾਂ ਪੁੱਟ ਰਿਹਾ ਹੈ, ਉਹ ਪੰਜਾਬ ਆਰਥਿਕ ਤੌਰ ਤੇ ਬੁਰੀ ਤਰ੍ਹਾਂ ਟੁੱਟ ਰਿਹਾ ਹੈ. ਇਸ ਲਈ ਲੋੜ ਇਸ ਅਣਚਾਹੇ ਪਰਵਾਸ ਨੂੰ ਰੋਕਣ ਦੀ ਹੈ. ਉਤਸ਼ਾਹਤ ਕਰਨ ਦੀ ਨਹੀਂ : ਪੰਜਾਬ ਸਰਕਾਰ ਆਈਲੈਂਟਸ ਸੈਂਟਰ ਕੋਚਿੰਗ ਸੈਂਟਰ ਖੋਲ੍ਹਣ ਦੀ ਥਾਂ ਕਾਲਜਾਂ /ਯੂਨੀਵਰਸਿਟੀਆਂ 'ਚ ਦੇਸ਼ ਪੱਧਰ ਦੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ 'ਚ ਬੈਠਣ ਲਈ ਕੋਚਿੰਗ ਸੈਂਟਰ ਖੋਲ੍ਹੇ, ਕਾਲਜਾਂ/ਯੂਨੀਵਰਸਿਟੀਆਂ 'ਚ ਵੋਕੇਸ਼ਨਲ ਕੋਰਸ ਚਾਲੂ ਕਰ ਜਿਥੇ ਇੰਜਨੀਰਿੰਗ ਦੀਆ ਮਨਜ਼ੂਰਸ਼ੁਦਾ ਸੀਟਾਂ ਪੂਰੀਆਂ ਨਹੀਂ ਹੁੰਦੀਆਂ ਤੇ ਸੂਬੇ ਦੇ ਕਾਰਖਾਨੇਦਾਰਾਂ ਦੀਆਂ ਲੋੜਾਂ ਪੂਰੀਆਂ ਕਰਨ ਵਾਲੇ ਟੈਕਨੀਸ਼ਨਾਂ ਨੂੰ ਸਿੱਖਿਆ ਦੇਣ ਦਾ ਪ੍ਰਬੰਧ ਕਰੋ. ਮਲਟੀ ਸਕਿੱਲ ਪ੍ਰੈਕਟੀਕਲ ਕੋਰਸ ਚਾਲੂ ਕਰਕੇ, ਨੌਜਵਾਨਾਂ ਨੂੰ ਸਵੈ-ਰੁਜਗਾਰ ਦਾ ਪ੍ਰਦਾਨ ਕਰੋ ਇਸ ਤੋਂ ਵੀ ਵੱਡੀ ਗਲ ਇਹ ਕਿ ਮੁਫ਼ਤ ਅੰਨ-ਦਾਣਾ ਸਕੀਮਾਂ ਦੀ ਥਾਂ ਹਰ ਘਰ ਵਿਚ ਘੱਟੋ-ਘੱਟ ਇਕ ਜੀਅ ਨੂੰ ਰੁਜ਼ਗਾਰ ਦੇਣ ਦਾ ਪ੍ਰਬੰਧ ਕਰੇ ਤੇ ਉਹ ਸਾਰੀਆਂ ਸਰਕਾਰੀ ਨੌਕਰੀਆਂ ਭਰ, ਜਿਨ੍ਹਾਂ ਵਿਚ ਸਰਕਾਰੀ ਸਕੂਲਾਂ ਦੇ ਅਧਿਆਪਕ, ਦਫਤਰਾਂ 'ਚ ਕਲਰਕ, ਕੰਪਿਊਟਰ ਆਪਰੇਟਰ, ਵਖੋ-ਵਖਰੇ ਮਹਿਕਮਿਆਂ 'ਚ ਟੈਕਨੀਕਲ ਸਟਾਫ ਸ਼ਾਮਲ ਹਨ ਅਤੇ ਜਿਨ੍ਹਾਂ ਦੀਆਂ ਮਨਜ਼ੂਰਸ਼ੁਦਾ ਪੋਸਟਾਂ ਸਾਲਾਂ ਤੋਂ ਭਰਨ ਤੋਂ ਪਈਆਂ ਹਨ. ਪੋਸਟਾਂ ਨੂੰ ਭਰਨ ਵਿੱਚ ਪਹਿਲ ਕਰੇ । ਬਾਹਰਲੇ ਮੁਲਕਾਂ ਨੂੰ ਆਉਣਾ ਮਾੜਾ ਨਹੀਂ ਪਰ ਦਿਨੋ ਦਿਨ ਪੰਜਾਬ ਛੱਡ ਰਹੇ ਬੱਚੇ ਤੇ ਪੰਜਾਬ ਦੇ ਘਰਾਂ ਦੀਆਂ ਨਿੱਤ ਦੀਆਂ ਕਹਾਣੀਆ ਸਾਨੂੰ ਹਰ ਰੋਜ਼ ਪੜ੍ਹਨ-ਸੁਣਨ ਨੂੰ ਮਿਲਦੀਆਂ ਨੇ. ਜੇ ਪੰਜਾਬ ਸਰਕਾਰ ਇਸ ਮੁੱਦੇ ਨੂੰ ਗੰਭੀਰਤਾ ਨਾਲ ਲਵੇ ਤਾਂ ਹੀ ਇਸ ਪਰਵਾਸ ਨੂੰ ਠੱਲ ਪਏਗੀ ਅਤੇ ਮਾਪੇ ਆਪਣੇ ਲਾਡਲਿਆਂ ਨੂੰ ਮਜਬੂਰੀ-ਵਸ ਵਿਦੇਸ਼ਾਂ ਦੇ ਔਝੜੇ ਰਾਹਾਂ 'ਤੇ ਭੇਜਣ ਲਈ ਮਜਬੂਰ ਨਹੀਂ ਹੋਣਗੇ। ਪੰਜਾਬ ਹੋਰ ਖੁਸ਼ਹਾਲ ਹੋਵੇਗਾ।



ਦਵਿੰਦਰ ਕੌਰ ਖੁਸ਼ ਧਾਲੀਵਾਲ, ਖੋਜ ਕਰਤਾ, ਧੂਰਕੋਟ ਮੋਗਾ, ਮੋਹਾਲੀ,8847227740

# 'ਨਿਆਗਰਾ ਫ਼ਾਲ ਬੈਰਲਮੈਨ ਟ੍ਰਾਈਥਲੋਨ' 'ਚ ਸ਼ਾਮਲ ਹੋ ਕੇ ਕੁਲਦੀਪ ਗਰੇਵਾਲ ਨੇ 65 ਸਾਲ ਦੀ ਉਮਰ 'ਚ ਮਾਰਿਆ 'ਮਾਅਰਕਾ'







ਬਰੈਂਪਟਨ, (ਡਾ. ਝੰਡ) – ਬਰੈਂਪਟਨ ਦੀ ਟੀ.ਪੀ.ਏ.ਆਰ. ਕਲੱਬ ਦੇ ਸਰਗ਼ਰਮ ਮੈਂਬਰ ਕੁਲਦੀਪ ਸਿੰਘ ਗਰੇਵਾਲ ਨੇ ਨਿਆਗਰਾ ਸ਼ਹਿਰ ਵਿਖੇ 15 ਸਤੰਬਰ ਨੂੰ ਹੋਈ 'ਨਿਆਗਰਾ ਫ਼ਾਲ ਬੈਰਲਮੈਨ ਟ੍ਰਾਈਥਲੋਨ' ਵਿਚ ਸਫ਼ਲਤਾ ਸਹਿਤ ਸ਼ਮੂਲੀਅਤ ਕਰਕੇ ਨਵੇਂ 'ਮਾਅਰਕੇ' ਨੂੰ ਅੰਜਾਮ ਦਿੱਤਾ ਹੈ। ਇੱਕੋ ਹੀ ਦਿਨ ਹੋਣ ਵਾਲੇ ਲਗਾਤਾਰ ਤਿੰਨ ਸਖ਼ਤ ਮੁਕਾਬਲਿਆਂ ਦਾ ਇਹ ਬੜਾ ਮੁਸ਼ਕਲ ਤੇ ਜੋਖ਼ਮ ਭਰਿਆ ਈਵੈਂਟ ਹੈ। ਸੱਭ ਤੋਂ ਪਹਿਲਾਂ ਵੈੱਲਲੈਂਡ ਇੰਟਰਨੈਸ਼ਨਲ ਫ਼ਲੈਟਵਾਟਰ ਸੈਂਟਰ ਤੋਂ ਨਿਆਗਰਾ ਦਰਿਆ ਦੇ ਨਾਲ ਨਾਲ ਖਿਡਾਰੀਆਂ ਨੇ ਦੋ ਕਿਲੋਮੀਟਰ ਦੀ ਤੈਰਾਕੀ ਕਰਨੀ ਹੁੰਦੀ ਹੈ। ਇਸ ਪੜਾਅ ਵਿਚ ਸਫ਼ਲ ਹੋਏ ਐਥਲੀਟ ਉੱਥੋਂ ਬਾਈਸਾਈਕਲ ਲੈਂਦੇ ਹਨ। ਉਹ ਨਿਆਗਰਾ ਦਰਿਆ ਦੇ ਪੱਛਮ ਵੱਲ 25 ਕਿਲੋਮੀਟਰ ਜਾ ਕੇ ਫਿਰ 65 ਕਿਲੋਮੀਟਰ ਪੂਰਬ ਵੱਲ ਆ ਕੇ ਦੂਸਰੇ ਪੜਾਅ ਵਿਚ 90 ਕਿਲੋਮੀਟਰ ਸਾਈਕਲਿੰਗ ਕਰਕੇ ਇਸ ਮੁਕਾਬਲੇ ਦਾ ਦੂਸਰਾ ਪੜਾਅ ਪੂਰਾ ਕਰਦੇ ਹਨ ਅਤੇ ਜਿਹੜੇ ਇਹ ਸਾਈਕਲਿੰਗ ਸਮੇਂ ਸਿਰ ਪੂਰੀ ਕਰ ਲੈਂਦੇ ਹਨ, ਉਹ ਅੱਗੋਂ ਇਸ ਦੇ ਤੀਸਰੇ ਪੜਾਅ 21.1 ਕਿਲੋਮੀਟਰ ਹਾਫ਼– ਮੈਰਾਥਨ ਵਿਚ ਹਿੱਸਾ ਲੈਣ ਲਈ ਅੱਗੇ ਵੱਧਦੇ ਹਨ। ਫ਼ੋਨ 'ਤੇ ਹੋਈ ਗੱਲਬਾਤ ਦੌਰਾਨ ਕੁਲਦੀਪ ਗਰੇਵਾਲ ਨੇ ਇਸ ਪੱਤਰਕਾਰ ਨੂੰ ਦੱਸਿਆ ਕਿ ਉਸ ਨੇ ਤੈਰਾਕੀ ਦਾ ਪਹਿਲਾ ਪੜਾਅ 2 ਕਿਲੋਮੀਟਰ 58 ਮਿੰਟ 22 ਸਕਿੰਟਾਂ ਵਿਚ ਸਫ਼ਲਤਾ ਪੂਰਵਕ ਪਾਰ ਕੀਤਾ ਅਤੇ ਦੂਸਰੇ ਪੜਾਅ ਵਿਚ 90 ਕਿਲੋਮੀਟਰ ਸਾਈਕਲਿੰਗ 3 ਘੰਟੇ 47 ਮਿੰਟ 43 ਸਕਿੰਟਾਂ ਵਿਚ ਪੂਰੀ ਕਰਕੇ ਇਸਦਾ ਦੂਸਰਾ ਮਰਹੱਲਾ ਪਾਰ ਕੀਤਾ ਅਤੇ ਇਸ ਦੇ 21.1 ਕਿਲੋ ਮੀਟਰ ਹਾਫ਼ ਮੈਰਾਥਨ ਦੌੜਨ ਵਾਲੇ ਤੀਸਰੇ ਪੜਾਅ ਵਿਚ ਦਾਖ਼ਲ ਹੋਇਆ ਜਿਸ ਨੂੰ ਉਸਨੇ 2 ਘੰਟੇ 53 ਮਿੰਟ 42 ਸਕੰਟਾਂ ਵਿਚ ਪੂਰਿਆਂ ਕੀਤਾ। ਇਸ ਤਰ੍ਹਾਂ ਇਸ ਈਵੈਂਟ ਦੇ ਤਿੰਨ ਪੜਾਆਂ ਨੂੰ 7 ਘੰਟੇ 59 ਮਿੰਟ ਤੇ 20 ਸਕਿੰਟਾਂ ਵਿਚ ਪਾਰ ਕਰਦਾ ਹੋਇਆ ਪ੍ਰਬੰਧਕਾਂ ਵੱਲੋਂ ਇਸ ਈਵੈਂਟ ਦਾ ਸਫ਼ਲ ਖਿਡਾਰੀ ਐਲਾਨਿਆ ਗਿਆ।

ਇਸ ਦੇ ਬਾਰੇ ਹੋਰ ਜਾਣਕਾਰੀ ਸਾਂਝੀ ਕਰਦਿਆਂ ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਨੇ ਦੱਸਿਆ ਕਿ ਪਿਛਲੇ ਸਾਲ 2023 ਵਿਚ ਨਿਊਯਾਰਕ ਦੇ ਨੇੜੇ ਜਿਨੇਵਾ ਸ਼ਹਿਰ ਵਿਚ ਹੋਏ 'ਹਾਫ਼ ਆਇਰਨਮੈਨ ਮੁਕਾਬਲੇ' ਵਿਚ ਕੁਝ ਕਾਰਨਾਂ ਕਰਕੇ ਕੁਲਦੀਪ ਸਿੰਘ ਉਸ ਵਿਚ ਸਫ਼ਲ ਨਹੀਂ ਹੋ ਸਕਿਆ ਸੀ ਪਰ ਉਸ ਨੇ ਹੌਂਸਲਾ ਨਹੀਂ ਹਾਰਿਆ ਅਤੇ ਆਪਣਾ ਸੰਘਰਸ਼ ਜਾਰੀ ਰੱਖਿਆ। ਨਤੀਜੇ ਵਜੋਂ, ਉਸ ਨੂੰ 'ਨਿਆਗਰਾ ਫ਼ਾਲ ਬੈਰਲਮੈਨ ਟ੍ਰਾਈਥਲੋਨ' ਵਿਚ ਸ਼ਾਨਦਾਰ ਕਾਮਯਾਬੀ ਮਿਲੀ ਹੈ। ਉਨ੍ਹਾਂ ਕੁਲਦੀਪ ਗਰੇੱਅਲ ਨੂੰ ਇਸ ਕਾਮਯਾਬੀ ਦੀ ਹਾਰਦਿਕ ਮੁਬਾਰਕਬਾਦ ਦਿੱਤੀ। ਉਨ੍ਹਾਂ ਹੋਰ ਦੱਸਿਆ ਕਿ ਇਸ ਕਲੱਬ ਦੇ ਐਥਲੀਟ ਉੱਤਰੀ ਅਮਰੀਕਾ ਦੀਆਂ ਖੇਡ–ਸਰਗ਼ਰਮੀਆਂ ਵਿਚ ਪਿਛਲੇ 12 ਸਾਲਾਂ ਤੋਂ ਲਗਾਤਾਰ ਬੜੇ ਸ਼ੌਕ ਨਾਲ ਹਿੱਸਾ ਲੈ ਰਹੇ ਹਨ ਅਤੇ ਖੇਡ–ਭਾਵਨਾ ਤੇ ਪੰਜਾਬੀਅਤ ਦਾ ਝੰਡਾ ਬੁਲੰਦ ਕਰ ਰਹੇ ਹਨ। ਕਲੱਬ ਦੀਆਂ ਸਰਗ਼ਰਮੀਆਂ ਬਾਰੇ ਹੋਰ ਜਾਣਕਾਰੀ ਸਾਂਝੀ ਕਰਦਿਆਂ ਉਨ੍ਹਾਂ ਦੱਸਿਆ ਕਿ ਕਲੱਬ ਦਾ ਸਰਗ਼ਰਮ ਮੈਂਬਰ ਧਿਆਨ ਸਿੰਘ ਸੋਹਲ 2022 ਵਿਚ ਅਮਰੀਕਾ ਦੇ ਸ਼ਹਿਰ ਬੋਸਟਨ ਵਿਚ ਹੋਈ ਮੈਰਾਥਨ ਵਿਚ 42 ਕਿਲੋਮੀਟਰ ਦੌੜ ਕੇ ਸਫ਼ਲ ਮੈਰਾਥਨ ਦੌੜਾਕ ਬਣਿਆ ਸੀ। 2023 ਵਿਚ ਇਸ ਕਲੱਬ ਦੇ ਐਥਲੀਟ ਹਰਜੀਤ ਸਿੰਘ ਨਿਊਯਾਰਕ ਦੇ ਨੇੜੇ ਜਿਨੀਵਾ ਸ਼ਹਿਰ ਵਿਚ 'ਹਾਫ਼ ਆਇਰਨਮੈਨ ਮੁਕਾਬਲੇ' ਵਿਚ ਤੈਰਾਕੀ, ਸਾਈਕਲਿੰਗ ਤੇ ਹਾਫ਼–ਮੈਰਾਥਨ ਵਿਚ ਸਫ਼ਲ ਹੋ ਕੇ 'ਹਾਫ਼ ਆਇਰਨਮੈਨ' ਬਣਿਆ ਸੀ। ਕਲੱਬ ਦੇ ਮੈਂਬਰਾਂ, ਦੋਸਤਾਂ–ਮਿੱਤਰਾਂ ਤੇ ਸ਼ੁਭਚਿੰਤਕਾਂ ਵੱਲੋਂ ਕੁਲਦੀਪ ਗਰੇਵਾਲ ਨੂੰ ਲਗਾਤਾਰ ਵਧਾਈਆਂ ਮਿਲ ਰਹੀਆਂ ਹਨ ਅਤੇ ਉਹ ਉਨ੍ਹਾ ਦਾ ਧੰਨਵਾਦ ਕਰ ਰਿਹਾ ਹੈ। ਉਹ ਟੀ.ਪੀ.ਏ.ਆਰ. ਕਲੱਬ ਦਾ ਮੈਂਬਰਾਂ ਦਾ ਅਤੀ ਧੰਨਵਾਦੀ ਹੈ ਜਿਨ੍ਹਾਂ ਨੇ 65 ਸਾਲ ਦੀ ਉਮਰ ਵਿਚ ਉਸ ਨੂੰ ਇਸ ਮੁਕਾਮ 'ਤੇ ਪਹੁੰਚਣ ਲਈ ਲਗਾਤਾਰ ਹੌਂਸਲਾ–ਅਫ਼ਜ਼ਾਈ ਕਰਦੇ ਰਹੇ ਹਨ।

# ਬਲੈਕ ਓਕ ਸੀਨੀਅਰਜ਼ ਕਲੱਬ ਬਰੈਂਪਟਨ ਦੇ ਅਹੁਦੇਦਾਰਾਂ ਦੀ ਹੋਈ ਚੋਣ

## (ਪਰਮਜੀਤ ਸਿੰਘ ਬਰਾੜ ਕਲੱਬ ਦੇ ਨਵੇਂ ਚੁਣੇ ਪ੍ਰਧਾਨ)





ਬਰੈਂਪਟਨ : ਬਲੈਕ ਓਕ ਸੀਨੀਅਰਜ਼ ਕਲੱਬ, ਬਰੈਪਟਨ ਦੇ ਜਨਰਲ ਹਾਉਸ ਦੀ ਮੀਟਿੰਗ 14 ਸਤੰਬਰ ਨੂੰ ਬਲੂ ਓਕ ਪਾਰਕ ਵਿਖੇ ਆਤਮਾਂ ਸਿੰਘ ਬਰਾੜ ਦੀ ਪ੍ਰਧਾਨੀ ਹੇਠ ਹੋਈ ਜਿਸ ਵਿਚ ਕਲੱਬ ਦੀ ਕਾਰਜ਼ਕਾਰਨੀ ਦੇ ਅਹੁਦੇਦਾਰਾਂ ਦੀ ਅਗਲੇ 2 ਸਾਲਾਂ ਲਈ ਚੋਣ ਕੀਤੀ ਗਈ। ਸਾਰੇ ਮੈਂਬਰਾਂ ਵਲੋਂ ਸਰਬਸੰਮਤੀ ਨਾਲ ਕੀਤੀ ਚੋਣ ਮੁਤਾਬਿਕ ਸ਼੍ਰੀ ਪਰਮਜੀਤ ਸਿੰਘ ਬਰਾੜ ਨੂੰ ਕਲੱਬ ਦੇ ਪ੍ਰਧਾਨ, ਸ਼੍ਰੀ ਆਤਮਾਂ ਸਿੰਘ ਬਰਾੜ ਨੂੰ ਸਰਪਰਤ ਅਤੇ ਜਸਵੰਤ ਸਿੰਘ ਧਾਲੀਵਾਲ ਨੂੰ ਜਨਰਲ ਸਕੱਤਰ ਬਣਾਇਆ ਗਿਆ। ਬਾਕੀ ਦੇ ਅਹੁਦੇਦਾਰਾਂ ਵਿਚ ਪਿਰਥੀ ਸਿੰਘ ਮਾਨ, ਸੀ.ਮੀਤ ਪ੍ਰਧਾਨ, ਹਾਕਮ ਸਿੰਘ ਧਾਲੀਵਾਲ ਅਤੇ ਪਿਆਰਾ ਸਿੰਘ ਸ਼ੇਖੋਂ ਮੀਤ ਪ੍ਰਧਾਨ, ਜਗੀਰ ਸਿੰਘ ਕਾਲਕਟ, ਕੈਸ਼ੀਅਰ, ਮਹੇਸ਼ ਸਿੰਘ ਸੈਣੀ, ਜੁਆਇੰਟ ਸਕੱਤਰ, ਹਰਿੰਦਰ ਸਿੰਘ ਰੰਧਾਵਾ, ਪ੍ਰੈਸ ਸਕੱਤਰ, ਮਲਕੀਅਤ ਸਿੰਘ ਧਾਲੀਵਾਲ, ਜਥੇਬੰਦਕ ਸਕੱਤਰ ਬਣਾਏ ਗਏ।

ਇਸ ਤੋਂ ਇਲਾਵਾ ਨਿਰਮਲ ਸਿੰਘ ਤੂਰ, ਸੁਰਿੰਦਰ ਸਿੰਘ ਜੱਸਲ, ਪਰਮਜੀਤ ਸਿੰਘ ਭੂਈ, ਸੁਰਜੀਤ ਸਿੰਘ ਰੰਧਾਵਾ, ਬਲਵਿੰਦਰ ਸਿੰਘ ਸੰਧੂ, ਬਲਦੇਵ ਸਿੰਘ ਭੁੱਲਰ, ਕਰਨੈਲ ਸਿੰਘ ਸਿੱਧੂ, ਸੁਰਜੀਤ ਸਿੰਘ ਨਾਗਰਾ, ਸਿਕੰਦਰ ਸਿੰਘ ਝੱਜ, ਬਲਵਿੰਦਰ ਸਿੰਘ ਚੀਮਾਂ, ਤੇਜਾ ਸਿੰਘ ਸਿੱਧੂ, ਭੁਪਿੰਦਰ ਸਿੰਘ, ਬਚਿੱਤਰ ਸਿੰਘ ਗਿੱਲ, ਗੁਰਿੰਦਰ ਸਿੰਘ ਬਰਾੜ, ਬਲਤੇਜ਼ ਸਿੰਘ ਢਿੱਲੋਂ ਅਤੇ ਰਾਮ ਦਿਆਲ ਸਮੇਤ ਕਲੱਬ ਦੇ 15 ਡਾਇਰੈਕਟਰ ਬਣਾਏ ਗਏ। ਇਸ ਮੌਕੇ ਐਮਪੀ ਰੂਬੀ ਸਹੋਤਾ, ਅਮੈਪੀਪੀ ਗਰੈਮ ਮੈਕਗਰੇਗਰ ਅਤੇ ਡਿਪਟੀ ਮੇਅਰ ਹਰਕੀਰਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਉਹਨਾਂ ਵਲੋਂ ਕਲੱਬ ਦੇ ਨਵੇਂ ਚੁਣੇ ਅਹੁਦੇਦਾਰਾਂ ਨੂੰ ਮੁਬਾਰਕ ਦਿੱਤੀ ਅਤੇ ਪੂਰਨ ਸਹਿਯੋਗ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਕਲੱਬ ਦੇ ਨਵੇਂ ਪ੍ਰਧਾਨ ਪਰਮਜੀਤ ਸਿੰਘ ਬਰਾੜ ਵਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ। ਇਸ ਤੋਂ ਇਲਾਵਾ ਸੁਰਿੰਦਰ ਸਿੰਘ ਜੱਸਲ, ਸਿਕੰਦਰ ਸਿੰਘ ਝੱਜ, ਮਹੇਸ਼ ਸਿੰਘ ਸੈਣੀ ਅਤੇ ਮਾਸਟਰ ਨਿਰਮਲ ਸਿੰਘ ਵੱਲੋਂ ਵੀ ਵਿਚਾਰ ਪੇਸ਼ ਕੀਤੇ ਗਏ। ਸਟੇਜ਼ ਸਕੱਤਰ ਦੀ ਜ਼ਿੰਮੇਵਾਰੀ ਕਲੱਬ ਦੇ ਨਵੇਂ ਬਣੇ ਸਕੱਤਰ ਜਸਵੰਤ ਸਿੰਘ ਧਾਲੀਵਾਲ ਵੱਲੋਂ ਨਿਭਾਈ ਗਈ। ਅਖੀਰ ਵਿਚ ਸਾਰਿਆਂ ਨੇ ਕਲੱਬ ਵੱਲੋਂ ਚਾਹ ਪਾਣੀ ਅਤੇ ਸਨੈਕਸ ਦੇ ਕੀਤੇ ਪ੍ਰਬੰਧ ਦਾ ਅਨੰਦ ਮਾਣਿਆਂ।

# ਓਡੀਸ਼ਾ : ਸਿੱਖ ਰੈਜੀਮੈਂਟ ਦੇ ਫੌਜੀ ਅਧਿਕਾਰੀ ਅਤੇ ਉਸ ਦੀ ਮਹਿਲਾ ਦੋਸਤ 'ਤੇ ਹਮਲਾ, ਪੰਜ ਪੁਲਿਸ ਮੁਲਾਜ਼ਮ ਮੁਅੱਤਲ

ਭੁਵਨੇਸ਼ਵਰ: ਓਡੀਸ਼ਾ ਪੁਲਿਸ ਨੇ ਭੁਵਨੇਸ਼ਵਰ ਦੇ ਭਰਤਪੁਰ ਥਾਣੇ ਦੇ ਇੰਚਾਰਜ ਇੰਸਪੈਕਟਰ ਸਮੇਤ ਪੰਜ ਪੁਲਿਸ ਮੁਲਾਜ਼ਮਾਂ ਨੂੰ ਫੌਜ ਦੇ ਇਕ ਅਧਿਕਾਰੀ 'ਤੇ ਹਮਲਾ ਕਰਨ ਅਤੇ ਉਸ ਦੀ ਮਹਿਲਾ ਦੋਸਤ ਨਾਲ 'ਛੇੜਛਾੜ' ਕਰਨ ਦੇ ਦੋਸ਼ 'ਚ ਮੁਅੱਤਲ ਕਰ ਦਿਤਾ ਹੈ। ਪੁਲਿਸ ਡਾਇਰੈਕਟਰ ਜਨਰਲ ਵਾਈ.ਬੀ. ਖੁਰਾਨੀਆ ਵਲੋਂ ਬੁਧਵਾਰ ਨੂੰ ਜਾਰੀ ਹੁਕਮ ਅਨੁਸਾਰ ਪੰਜ ਪੁਲਿਸ ਮੁਲਾਜ਼ਮਾਂ ਨੂੰ ਗੰਭੀਰ ਦੁਰਵਿਵਹਾਰ ਦੇ ਦੋਸ਼ਾਂ 'ਚ ਮੁਅੱਤਲ ਕਰ ਦਿਤਾ ਗਿਆ। ਮੁਅੱਤਲ ਕੀਤੇ ਗਏ ਪੁਲਿਸ ਅਧਿਕਾਰੀਆਂ 'ਚ ਇੰਸਪੈਕਟਰ ਦੀਨਾਕ੍ਰਿਸ਼ਨ ਮਿਸ਼ਰਾ, ਸਬ–ਇੰਸਪੈਕਟਰ ਬੈਸਾਲਿਨੀ ਪਾਂਡਾ, ਦੋ ਮਹਿਲਾ ਏ.ਐਸ.ਆਈ. ਸਲੀਲਾਮਯੀ ਸਾਹੂ ਅਤੇ ਸਾਗਰਿਕਾ ਰਥ ਅਤੇ ਕਾਂਸਟੇਬਲ ਬਲਰਾਮ ਹੰਸਦਾ ਸ਼ਾਮਲ ਹਨ। ਫੌਜ ਅਧਿਕਾਰੀ ਅਤੇ ਉਸ ਦੀ ਮਹਿਲਾ ਦੋਸਤ 'ਤੇ ਕਥਿਤ ਤੌਰ 'ਤੇ ਹਮਲੇ ਤੋਂ ਬਾਅਦ ਮਿਸ਼ਰਾ, ਸਲੀਲਾਮਈ ਅਤੇ ਬਲਰਾਮ ਦੀ ਬਦਲੀ ਮੰਗਲਵਾਰ ਨੂੰ ਹੀ ਕਰ ਦਿਤੀ ਗਈ। ਪੁਲਿਸ ਹੁਕਮ 'ਚ ਕਿਹਾ ਗਿਆ ਹੈ, ''ਹੁਕਮ ਲਾਗੂ ਹੋਣ ਦੀ ਮਿਆਦ ਦੌਰਾਨ, ਉਹ ਭੁਵਨੇਸ਼ਵਰ–ਕਟਕ ਦੇ ਪੁਲਿਸ ਕਮਿਸ਼ਨਰ ਦੇ ਅਨੁਸ਼ਾਸਨੀ ਨਿਯੰਤਰਣ ਅਧੀਨ ਹੋਣਗੇ ਅਤੇ ਓਡੀਸ਼ਾ ਸੇਵਾ ਜ਼ਾਬਤੇ ਦੇ ਨਿਯਮ 90 ਦੇ ਤਹਿਤ ਵਿਸ਼ੇਸ਼ ਭੱਤਾ ਅਤੇ ਮਹਿੰਗਾਈ ਭੱਤਾ ਪ੍ਰਾਪਤ ਕਰਨਗੇ।'' ਪਛਮੀ ਬੰਗਾਲ 'ਚ ਤਾਇਨਾਤ ਸਿੱਖ ਰੈਜੀਮੈਂਟ ਦੇ ਇਕ ਅਧਿਕਾਰੀ ਗੁਰਵੰਸ਼ ਸਿੰਘ ਅਤੇ ਉਸ ਦੀ ਮਹਿਲਾ ਦੋਸਤ ਅੰਕਿਤਾ ਨੇ ਐਤਵਾਰ ਸਵੇਰੇ ਭਰਤਪੁਰ ਥਾਣੇ 'ਚ ਰੋਡ ਰੇਜ ਦੀ ਸ਼ਿਕਾਇਤ ਦਰਜ ਕਰਵਾਈ। ਥਾਣੇ 'ਚ ਐਫ.ਆਈ.ਆਰ. ਦਰਜ ਕਰਨ ਨੂੰ ਲੈ ਕੇ ਦੋਹਾਂ ਦਾ ਪੁਲਿਸ ਵਾਲਿਆਂ ਨਾਲ ਝਗੜਾ ਹੋਇਆ ਸੀ। ਦਸਿਆ ਜਾ ਰਿਹਾ ਹੈ ਕਿ ਫੌਜੀ ਅਧਿਕਾਰੀ ਨੂੰ 10 ਘੰਟਿਆਂ ਤੋਂ ਵੱਧ ਸਮੇਂ ਤਕ ਹਿਰਾਸਤ 'ਚ ਰੱਖਿਆ ਗਿਆ ਅਤੇ ਉਸ ਦੀ ਮਹਿਲਾ ਦੋਸਤ ਨੂੰ ਇਕ ਮਹਿਲਾ ਅਧਿਕਾਰੀ ਇਕ ਸੁੰਨਸਾਨ ਕਮਰੇ 'ਚ ਲੈ ਗਈ, ਜਿੱਥੇ ਉਸ 'ਤੇ ਕਥਿਤ ਤੌਰ 'ਤੇ ਹਮਲਾ ਕੀਤਾ ਗਿਆ, ਉਸ ਦੇ ਕਪੜੇ ਉਤਾਰ ਦਿਤੇ ਗਏ ਅਤੇ ਛੇੜਛਾੜ ਕੀਤੀ ਗਈ। ਫੌਜ ਦੇ ਅਧਿਕਾਰੀਆਂ ਦੇ ਦਖਲ ਮਗਰੋਂ ਉਨ੍ਹਾਂ ਨੂੰ ਰਿਹਾਅ ਕਰ ਦਿਤਾ ਗਿਆ। ਹਾਲਾਂਕਿ, ਪੁਲਿਸ ਨੇ ਫੌਜੀ ਅਧਿਕਾਰੀ ਦੀ ਮਹਿਲਾ ਦੋਸਤ ਦੇ ਵਿਰੁਧ ਮਾਮਲਾ ਦਰਜ ਕਰ ਲਿਆ ਹੈ। ਇਸ ਘਟਨਾ ਤੋਂ ਬਾਅਦ ਭਾਰਤੀ ਫੌਜ ਦੀ ਕੇਂਦਰੀ ਕਮਾਂਡ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਇਕ ਪੋਸਟ 'ਚ ਕਿਹਾ, ''ਓਡੀਸ਼ਾ ਦੇ ਭਰਤਪੁਰ ਥਾਣੇ 'ਚ ਫੌਜ ਦੇ ਇਕ ਅਧਿਕਾਰੀ ਨਾਲ ਦੁਰਵਿਵਹਾਰ ਦੀ ਘਟਨਾ ਮੀਡੀਆ 'ਚ ਸਾਹਮਣੇ ਆਈ ਹੈ। ਭਾਰਤੀ ਫੌਜ ਨੇ ਇਸ ਘਟਨਾ ਨੂੰ ਗੰਭੀਰਤਾ ਨਾਲ ਲਿਆ ਹੈ। ਲੋੜੀਂਦੀ ਕਾਰਵਾਈ ਕੀਤੀ ਗਈ ਹੈ।'' ਇਕ ਪੁਲਿਸ ਅਧਿਕਾਰੀ ਨੇ ਪਹਿਲਾਂ ਦਾਅਵਾ ਕੀਤਾ ਸੀ ਕਿ ਦੋਵੇਂ ਥਾਣੇ ਪਹੁੰਚੇ ਅਤੇ 'ਰੋਡ ਰੇਜ' ਦੀ ਘਟਨਾ ਬਾਰੇ ਲਿਖਤੀ ਸ਼ਿਕਾਇਤ ਦਰਜ ਕਰਨ ਤੋਂ ਇਨਕਾਰ ਕਰ ਦਿਤਾ ਅਤੇ ਇਕ ਮਹਿਲਾ ਪੁਲਿਸ ਮੁਲਾਜ਼ਮ ਸਮੇਤ ਪੁਲਿਸ ਮੁਲਾਜ਼ਮਾਂ ਨਾਲ ਬਦਸਲੂਕੀ ਕੀਤੀ। ਡੀ.ਜੀ.ਪੀ. ਦੇ ਹੁਕਮ ਤੋਂ ਬਾਅਦ ਓਡੀਸ਼ਾ ਪੁਲਿਸ ਦੀ ਕ੍ਰਾਈਮ ਬ੍ਰਾਂਚ ਨੇ ਮੰਗਲਵਾਰ ਨੂੰ ਮਾਮਲੇ ਦੀ ਜਾਂਚ ਸ਼ੁਰੂ ਕੀਤੀ। ਡੀ.ਐਸ.ਪੀ. ਰੈਂਕ ਦੇ ਅਧਿਕਾਰੀ ਨਰਿੰਦਰ ਕੁਮਾਰ ਬੇਹਰਾ ਦੀ ਅਗਵਾਈ ਵਾਲੀ ਕ੍ਰਾਈਮ ਬ੍ਰਾਂਚ ਦੀ ਪੰਜ ਮੈਂਬਰੀ ਟੀਮ ਨੇ ਐਤਵਾਰ ਸਵੇਰੇ ਘਟਨਾ ਦੌਰਾਨ ਮੌਜੂਦ ਪੁਲਿਸ ਮੁਲਾਜ਼ਮਾਂ ਤੋਂ ਚਾਰ ਘੰਟੇ ਤੋਂ ਵੱਧ ਸਮੇਂ ਤਕ ਪੁੱਛ–ਪੜਤਾਲ ਕੀਤੀ ਅਤੇ ਮਾਮਲੇ ਨਾਲ ਜੁੜੇ ਦਸਤਾਵੇਜ਼ਾਂ ਦੀ ਜਾਂਚ ਕੀਤੀ। ਹਾਈ ਕੋਰਟ ਨੇ ਔਰਤ ਦੀ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਬੁਧਵਾਰ ਲਈ ਮੁਲਤਵੀ ਕਰ ਦਿਤੀ ਅਤੇ ਜਾਂਚ ਅਧਿਕਾਰੀ ਅਤੇ ਭਰਤਪੁਰ ਥਾਣੇ ਦੇ ਇੰਚਾਰਜ ਇੰਸਪੈਕਟਰ ਨੂੰ ਬੁਧਵਾਰ ਨੂੰ ਵਰਚੁਅਲ ਮਾਧਿਅਮ ਰਾਹੀਂ ਅਦਾਲਤ 'ਚ ਪੇਸ਼ ਹੋਣ ਦਾ ਹੁਕਮ ਦਿੱਤਾ।

# ਕੈਨੇਡੀਅਨ ਪੰਜਾਬੀ ਸੀਨੀਅਰਜ਼ ਐਸੋਸੀਏਸ਼ਨ ਜਨਰਲ ਬਾਡੀ ਦੀ ਮੀਟਿੰਗ




ਪਿਛਲੇ ਦਿਨੀ ਕੈਨੇਡੀਅਨ ਪੰਜਾਬੀ ਸੀਨੀਅਰਜ਼ ਐਸੋਸੀਏਸ਼ਨ ਜਨਰਲ ਬਾਡੀ ਦੀ ਮੀਟਿੰਗ ਕਮਿਊਨਿਟੀ ਸੈਂਟਰ ਰਿਵਰਡੇਲ ਵਿਖੇ ਹੋਈ। ਪੁਰਾਣੀ ਕਮੇਟੀ ਦੀ ਮਿਆਦ ਪੁਗਣ 'ਤੇ ਇਸ ਮੀਟਿੰਗ ਵਿੱਚ ਨਵੀਂ ਕਮੇਟੀ ਦੀ ਚੋਣ ਕਰਨ ਹਿੱਤ ਵੱਖ–ਵੱਖ ਬੁਲਾਰਿਆਂ ਨੇ ਆਪਣੇ–ਆਪਣੇ ਵਿਚਾਰ/ਸੁਝਾਓ ਪੇਸ਼ ਕੀਤੇ। ਅੰਤ ਵਿੱਚ ਸਰਬ ਸੰਮਤੀ ਨਾਲ ਫੈਸਲਾ ਕਰਕੇ ਹੇਠ ਲਿਖੇ ਅਹੁਦੇਦਾਰਾਂ ਦੀ ਚੋਣ ਕੀਤੀ:–

1 ਸ. ਗੁਰਚਰਨ ਸਿੰਘ ਜੀ ਮੰਡੇਰ ਪ੍ਰਧਾਨ 647–205–4793
2 ਸ. ਕਰਨੈਲ ਸਿੰਘ ਜੀ ਰੱਕੜ ਸਕੱਤਰ 905–966–4144
3 ਸ. ਹਰਬੰਸ ਸਿੰਘ ਜੀ ਖਜਾਨਚੀ
4 ਸ. ਮੁਖਤਿਆਰ ਸਿੰਘ ਸੇਖੋਂ ਮੈਂਬਰ
5 ਸ. ਸ਼ੀਤਲ ਸਿੰਘ ਜੀ ਬੈਂਸ ਮੈਂਬਰ

ਇਹ ਕਮੇਟੀ ਸੀਨੀਅਰ ਸਿਟੀਜਨਾਂ ਨੂੰ ਪੇਸ਼ ਆ ਰਹੀਆਂ ਔਕੜਾਂ/ਲੋੜਾਂ ਜਿਵੇਂ ਕਿ:–

1. ਸਿਹਤ ਸਹੂਲਤਾਂ ਸਬੰਧੀ
2. ਟਰਾਂਸਪੋਰਟੇਸ਼ਨ ਸਬੰਧੀ
3. ਪੈਨਸ਼ਨ ਕੇਸਾਂ ਦੀ ਪੈਰਵਾਈ ਸਬੰਧੀ
4. ਸੀਨੀਅਰਜ਼ ਨੂੰ ਵਿਹਲੇ ਸਮੇਂ ਬੈਠਣ ਲਈ ਸਿਟੀ ਨਾਲ ਵਿਚਾਰ ਚਰਚਾ ਕਰਕੇ ਪ੍ਰਬੰਧ ਵਗੈਰਾ ਕਰਾਉਣਾ।
5. ਘਰੇਲੂ ਸਮਸਿਆਂਵਾਂ ਦਾ ਮਿਲ ਬੈਠ ਕੇ ਤਾਲਮੇਲ ਕਰਨਾਂ/ਕਰਾਉਣਾ
6. ਜੇਕਰ ਕਿਸੇ ਸੀਨੀਅਰ ਨੂੰ ਆਰਥਿਕ ਤੰਗੀ ਆ ਜਾਵੇ ਤਾਂ ਘੋਖ ਪੜਤਾਲ ਕਰਕੇ ਸਮੂਹਿਕ ਤੌਰ 'ਤੇ।
ਫੰਡ ਇੱਕਠਾ ਕਰਨਾ
7. ਹਰ ਕਿਸਮ ਦੇ ਦੁੱਖ–ਸੁੱਖ 'ਚ ਭਾਈਵਾਲ ਬਣਨਾ।
8. ਹੋਰ ਸਮੇਂ–ਸਮੇਂ 'ਤੇ ਲੋੜਾਂ ਮੁਤਾਬਿਕ ਸਹਿਯੋਗ ਕਰਨਾ।

ਕੰਨਫਡਰੇਸ਼ਨ ਪਾਰਕ ਵਿਖੇ ਮਨਮਰਚਾਵੇ ਲਈ ਪਿਕਨਿਕ ਦਾ ਆਯੋਜਨ:–

ਇਸੇ ਰੀਤ ਦੀ ਲੜੀ ਵਜੋਂ ਸੀਨੀਅਰਜ਼ ਦਾ ਇੱਕ ਭਰਵਾਂ ਇੱਕਠ ਮਿਤੀ 13–9–2024 ਨੂੰ ਕੀਤਾ ਗਿਆ। ਜਿਸ ਵਿੱਚ ਵੱਖ–ਵੱਖ ਬੁਲਾਰਿਆਂ ਨੇ ਆਪਣੇ ਕੀਮਤੀ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ ਕੀਮਤੀ ਸੁਝਾਓ ਵੀ ਦਿੱਤੇ ਜਿਹਨਾਂ ਦੀ ਪੁਰਜ਼ੋਰ ਸ਼ਲਾਘਾ ਕੀਤੀ ਗਈ। ਇਸ ਸਾਰੇ ਪ੍ਰੋਗਰਾਮ ਦੀ ਕਾਰਵਾਈ ਸ.ਕਰਨੈਲ ਸਿੰਘ ਰੱਕੜ ਨੇ ਬਾਖੂਬੀ ਨਿਭਾਈ। ਸ.ਹਰਬੰਸ ਸਿੰਘ, ਸ.ਸ਼ੀਤਲ ਸਿੰਘ ਬੈਂਸ ਤੇ ਸ. ਮੁਖਤਿਆਰ ਸਿੰਘ ਜੀ ਸੇਖੋਂ ਨੇ ਖਾਣ ਪੀਣ ਦੀ ਸੇਵਾ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ। ਸ.ਜੋਗਿੰਦਰ ਸਿੰਘ ਜੀ ਮੁਲਤਾਨੀ ਨੇ ਸੀਨੀਅਰਜ਼ ਨੂੰ ਲਿਆਉਣ ਤੇ ਲੈਜਾਣ ਦੀ ਸੇਵਾ ਵੀ ਵਾਖੂਬੀ ਨਿਭਾਈ। ਅੰਤ ਵਿੱਚ ਸ. ਗੁਰਚਰਨ ਸਿੰਘ ਜੀ ਮੰਡੇਰ ਪ੍ਰਧਾਨ ਨੇ ਆਏ ਸਾਰੇ ਸੀਨੀਅਰਜ਼ ਦਾ ਧੰਨਬਾਦ ਕੀਤਾ, ਉਪਰੰਤ ਚਾਹ ਪਾਣੀ ਦਾ ਲੰਗਰ ਸ਼ੱਕ ਛੇਤੀ ਫੇਰ ਮਿਲਣ ਦੀ ਆਸ ਨਾਲ ਸਮਾਪਤੀ ਵੱਲ ਨੂੰ ਉਲਾਂਘਾ ਪੁੱਟੀਆਂ।

GTA Plumbing & Electrical Supplies
GTA Plumbing & Electrical Supplies
ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.
Business Loan
Credit Line
Truck/Taxi Loan
New Immigrant Package
416-366-1234
Jaswinder Khosa
416-894-9400
1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:–ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ
ਨਸ਼ਾ ਛੁਡਾਓ
STOP
ਸ਼ਰਾਬ, ਅਫ਼ੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ–ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ, ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫਲ ਇਲਾਜ
ਚਮੜੀ ਦੇ ਰੋਗਾਂ ਦਾ ਸਫਲ ਇਲਾਜ
ਚੰਬਲ, ਦਦਰੀ, ਸ਼ੁਪਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜ੍ਹੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

# ਪੈਰਾਸੀਟਾਮੋਲ ਲੈਣ ਵਾਲੇ ਹੋ ਜਾਣ ਸਾਵਧਾਨ !




ਦੀ ਓਵਰਡੋਜ਼ ਕਾਰਨ ਡੇਂਗੂ ਦੇ ਮਰੀਜ਼ਾਂ ਨੂੰ ਹੋਈਆਂ ਕਾਲੀਆਂ ਉਲਟੀਆਂ

ਡੇਂਗੂ ਦਾ ਕਾਰਨ ਬਣਨ ਵਾਲੇ ਡੇਂਗੂ ਵਾਇਰਸ ਦੀਆਂ ਚਾਰ ਕਿਸਮਾਂ ਵਿੱਚੋਂ ਇੱਕ ਨੇ ਪਟਨਾ ਵਿੱਚ ਸੱਤ ਲੋਕਾਂ ਦੀ ਜਾਨ ਲੈ ਲਈ ਹੈ। ਤੇਜ਼ ਬੁਖਾਰ ਜੋ ਪਹਿਲੇ ਤਿੰਨ ਤੋਂ ਚਾਰ ਦਿਨਾਂ ਵਿੱਚ ਹੁੰਦਾ ਹੈ ਕਾਰਨ ਲੋਕ ਫਓਰਓਚਏਟਓਮੋਲ 650 ਮਗ ਦੀ ਜ਼ਿਆਦਾ ਓਵਰਡੋਜ਼ ਲੈ ਰਹੇ ਹਨ। ਦਰਦ ਤੇ ਬੁਖਾਰ ਤੋਂ ਕੁਝ ਰਾਹਤ ਪਾਉਣ ਲਈ ਮਰੀਜ਼ਾਂ ਨੂੰ ਚਾਰ-ਪੰਜ ਘੰਟੇ ਦੇ ਅੰਤਰਾਲ 'ਤੇ ਚਾਰ ਤੋਂ ਪੰਜ ਵਾਰ ਦਵਾਈ ਲੈਣੀ ਪੈਂਦੀ ਹੈ। ਇਹੀ ਕਾਰਨ ਹੈ ਕਿ ਡੇਂਗੂ ਦੇ ਮਰੀਜ਼ ਇਸ ਵਾਰ ਪਲੇਟਲੈਟਸ ਘੱਟ ਹੋਣ ਦੀ ਬਜਾਏ ਕਾਲੀ ਉਲਟੀ ਸਮੱਸਿਆ ਆ ਰਹੀਂ ਹੈ।

ਆਈਜੀਆਈਐਮਐਸ ਦੇ ਮੈਡੀਕਲ ਸੁਪਰਡੈਂਟ ਡਾਕਟਰ ਮਨੀਸ਼ ਮੰਡਲ ਅਨੁਸਾਰ ਹਸਪਤਾਲ ਵਿੱਚ ਆਉਣ ਵਾਲੇ ਹਰ 10 ਮਰੀਜ਼ਾਂ ਵਿੱਚੋਂ ਦੋ ਤੋਂ ਤਿੰਨ ਇੱਕੋ ਜਿਹੀਆਂ ਸਮੱਸਿਆਵਾਂ ਨਾਲ ਆ ਰਹੇ ਹਨ।

ਡਾ: ਮਨੀਸ਼ ਮੰਡਲ ਨੇ ਦੱਸਿਆ ਕਿ ਆਮ ਤੌਰ 'ਤੇ ਡਾਕਟਰ 15 ਮਿਲੀਗ੍ਰਾਮ ਪੈਰਾਸੀਟਾਮੋਲ ਪ੍ਰਤੀ ਕਿਲੋਗ੍ਰਾਮ ਦੀਆਂ ਤਿੰਨ ਗੋਲੀਆਂ ਲੈਣ ਦੀ ਸਲਾਹ ਦਿੰਦੇ ਹਨ ਙ ਬਹੁਤ ਜ਼ਿਆਦਾ ਬੁਖਾਰ ਅਤੇ ਦਰਦ ਦੀ ਸਥਿਤੀ ਵਿੱਚ ਕਈ ਵਾਰ ਮਰੀਜ਼ ਚਾਰ ਤੋਂ ਪੰਜ ਗੋਲੀਆਂ ਆਪਣੇ ਆਪ ਜਾਂ ਡਾਕਟਰ ਦੀ ਸਲਾਹ 'ਤੇ ਸਿਰਫ 16 ਤੋਂ 20 ਘੰਟਿਆਂ ਵਿੱਚ ਲੈ ਲੈਂਦਾ ਹੈ। ਇਸ ਕਾਰਨ ਮਰੀਜ਼ ਹਾਈਪਰ ਐਸਿਡਿਟੀ ਦਾ ਸ਼ਿਕਾਰ ਹੋ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਕੁਝ ਲੋਕਾਂ ਨੂੰ ਕਾਲੀ ਉਲਟੀ ਦੀ ਸਮੱਸਿਆ ਹੁੰਦੀ ਹੈ।

ਉਨ੍ਹਾਂ ਕਿਹਾ ਕਿ ਮਰੀਜ਼ ਖ਼ੂਨ ਉਲਟੀ ਕਰਕੇ ਡਰਦੇ ਮਾਰੇ ਹਸਪਤਾਲ ਆ ਰਹੇ ਹਨ। ਇਹ ਸਮੱਸਿਆ ਦਿਲ ਦੇ ਰੋਗੀਆਂ ਵਿਚ ਜ਼ਿਆਦਾ ਦੇਖਣ ਨੂੰ ਮਿਲਦੀ ਹੈ ਜੋ ਖ਼ੂਨ ਪਤਲਾ ਕਰਨ ਵਾਲੀਆਂ ਦਵਾਈਆਂ ਲੈ ਰਹੇ ਹਨ ਜਾਂ ਪੁਰਾਣੀਆਂ ਬਿਮਾਰੀਆਂ ਵਾਲੇ ਮਰੀਜ਼ਾਂ ਵਿਚ ਜਿਨ੍ਹਾਂ ਦੀ ਇਮਿਊਨਿਟੀ ਬਹੁਤ ਕਮਜ਼ੋਰ ਹੈ। ਗੰਭੀਰ ਨਤੀਜਿਆਂ ਤੋਂ ਬਚਣ ਲਈ ਡੇਂਗੂ ਦੇ ਮਰੀਜ਼ਾਂ ਨੂੰ ਆਪਣੇ ਭੋਜਨ ਅਤੇ ਤਰਲ ਪਦਾਰਥਾਂ ਵਿੱਚ ਪ੍ਰੋਟੀਨ ਦੀ ਮਾਤਰਾ ਵਧਾਉਣੀ ਚਾਹੀਦੀ ਹੈ। ਇਸ ਤੋਂ ਇਲਾਵਾ ਬੁਖਾਰ ਦੀ ਦਵਾਈ ਦੇ ਨਾਲ, ਮਲਟੀਵਿਟਾਮਿਨ ਅਤੇ ਗੈਸ ਦੀ ਦਵਾਈ ਜਿਵੇਂ ਬੇਕਾਸੂਲ ਲਓ।

### ਡੇਂਗੂ ਬੁਖਾਰ ਦੇ ਵੱਖ-ਵੱਖ ਪੜਾਅ

ਡੇਂਗੂ ਬੁਖਾਰ ਦੇ ਵੱਖ-ਵੱਖ ਪੜਾਅ ਹੁੰਦੇ ਹਨ ਅਤੇ ਇਨ੍ਹਾਂ ਦੇ ਵੱਖ-ਵੱਖ ਲੱਛਣ ਹੁੰਦੇ ਹਨ। ਸਾਧਾਰਨ ਡੇਂਗੂ ਬਿਨਾਂ ਦਵਾਈ ਪੰਜ ਤੋਂ ਸੱਤ ਦਿਨਾਂ ਵਿੱਚ ਠੀਕ ਹੋ ਜਾਂਦਾ ਹੈ। ਇਸ ਦੇ ਬਹੁਤ ਗੰਭੀਰ ਲੱਛਣ ਨਹੀਂ ਹਨ। ਕਈ ਵਾਰ ਤਾਂ ਬੁਖਾਰ ਉਤਰ ਜਾਣ ਤੋਂ ਬਾਅਦ ਵੀ ਬਿਮਾਰੀ ਦੇ ਗੰਭੀਰ ਲੱਛਣ ਦਿਖਾਈ ਦੇਣ ਲੱਗ ਪੈਂਦੇ ਹਨ। ਇਸ ਵਿੱਚ ਸਰੀਰ ਵਿੱਚ ਪਲੇਟਲੇਟਸ ਘੱਟ ਹੋਣ ਲੱਗਦੇ ਹਨ ਅਤੇ ਫਿਰ ਨੱਕ, ਮਸੂੜਿਆਂ, ਚਮੜੀ ਆਦਿ ਵਿੱਚ ਲਾਲ ਧੱਫੜ ਹੋ ਜਾਂਦੇ ਹਨ।

ਜੇਕਰ ਸਹੀ ਇਲਾਜ ਨਾ ਕਰਵਾਇਆ ਜਾਵੇ ਤਾਂ ਸਰੀਰ ਵਿੱਚ ਤਰਲ ਪਦਾਰਥ ਘੱਟ ਹੋਣ ਕਾਰਨ ਮਰੀਜ਼ ਦਾ ਬਲੱਡ ਪ੍ਰੈਸ਼ਰ ਘੱਟਣ ਲੱਗ ਜਾਂਦਾ ਹੈ ਅਤੇ ਮਰੀਜ਼ ਕੋਮਾ ਵਿੱਚ ਚਲਾ ਜਾਂਦਾ ਹੈ। ਇਸ ਸਥਿਤੀ ਨੂੰ ਸ਼ੌਕ ਸਿੰਡਰੋਮ ਕਿਹਾ ਜਾਂਦਾ ਹੈ। ਕਈ ਵਾਰ ਜਦੋਂ ਮਰੀਜ਼ ਦੀ ਹਾਲਤ ਵਿਚ ਸੁਧਾਰ ਹੁੰਦਾ ਹੈ ਤਾਂ ਖ਼ੂਨ ਦੀਆਂ ਨਾੜੀਆਂ ਵਿਚ ਤਰਲ ਦੀ ਮਾਤਰਾ ਵਿਚ ਅਚਾਨਕ ਵਾਧਾ ਹੋਣ ਕਾਰਨ ਦਿਲ 'ਤੇ ਦਬਾਅ ਵਧਣਾ ਸ਼ੁਰੂ ਹੋ ਜਾਂਦਾ ਹੈ।

# ਪੰਜਾਬ 'ਚ ਵਿਕ ਰਿਹਾ ਦੁੱਧ ਤੇ ਘਿਓ ਸ਼ੁੱਧ ਨਹੀਂ ! ਸਰਕਾਰ ਦੀ ਜਾਂਚ 'ਚ ਖੁਲਾਸਾ, ਸੈਂਪਲ ਹੋਏ ਫੇਲ੍ਹ

ਪੰਜਾਬ ਦੇ ਲੋਕਾਂ ਨੂੰ ਦੁੱਧ ਅਤੇ ਦੇਸੀ ਘਿਓ ਦੇ ਸੇਵਨ ਦੌਰਾਨ ਸਾਵਧਾਨੀ ਵਰਤਣ ਦੀ ਲੋੜ ਹੈ। ਦਰਅਸਲ ਪੰਜਾਬ 'ਚ ਦੁਕਾਨਾਂ 'ਤੇ ਖੁੱਲ੍ਹੇਆਮ ਵਿਕ ਰਿਹਾ ਦੁੱਧ ਅਤੇ ਦੇਸੀ ਘਿਓ ਸ਼ੁੱਧ ਨਹੀਂ ਹੈ। ਇਹ ਵੱਡਾ ਖੁਲਾਸਾ ਪੰਜਾਬ ਸਰਕਾਰ ਵੱਲੋਂ ਲਏ ਗਏ ਦੁੱਧ ਦੇ ਸੈਂਪਲਾਂ ਤੋਂ ਹੋਇਆ ਹੈ। ਜਾਂਚ 'ਚ 2023-24 'ਚ ਦੇਸੀ ਘਿਓ ਦੇ 21 ਫੀਸਦੀ ਅਤੇ ਦੁੱਧ ਦੇ 13.6 ਫੀਸਦੀ ਸੈਂਪਲ ਮਾਪਦੰਡਾਂ 'ਤੇ ਪੂਰੇ ਨਹੀਂ ਉਤਰੇ।

ਪੰਜਾਬ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਅਨੁਸਾਰ ਸਾਲ 2023 ਅਤੇ 2024 ਵਿੱਚ ਦੁੱਧ ਦੇ 646 ਸੈਂਪਲ ਲਏ ਗਏ ਸਨ। ਇਨ੍ਹਾਂ ਵਿੱਚੋਂ 88 ਮਾਪਦੰਡਾਂ 'ਤੇ ਖਰੇ ਨਹੀਂ ਉਤਰੇ। ਖੋਏ ਦੇ 26 ਫੀਸਦੀ ਨਮੂਨੇ ਫੇਲ੍ਹ ਹੋਏ ਹਨ। ਪਿਛਲੇ ਤਿੰਨ ਸਾਲਾਂ ਵਿੱਚ ਦੁੱਧ ਦੇ 20988 ਸੈਂਪਲ ਲਏ ਗਏ ਹਨ। ਇਨ੍ਹਾਂ ਵਿੱਚੋਂ 3712 ਸੈਂਪਲ ਗਲਤ ਪਾਏ ਗਏ। ਸਾਲ 2023-24 ਵਿੱਚ ਕੁੱਲ 6041 ਦੁੱਧ ਦੇ ਨਮੂਨੇ ਲਏ ਗਏ ਸਨ। ਇਸ ਵਿੱਚ 929 ਨਮੂਨੇ ਫੇਲ੍ਹ ਹੋਏ।

ਸਾਲ 2023-24 ਵਿੱਚ ਪੰਜਾਬ ਸਰਕਾਰ ਨੇ 1577 ਸਿਵਲ ਕੇਸ ਦਾਇਰ ਕੀਤੇ ਸਨ। ਇਨ੍ਹਾਂ ਵਿੱਚੋਂ 76 ਕੇਸਾਂ ਵਿੱਚ ਅਪਰਾਧਿਕ ਕਾਰਵਾਈ ਕੀਤੀ ਗਈ ਹੈ। ਪਿਛਲੇ ਤਿੰਨ ਸਾਲਾਂ ਵਿੱਚ 194 ਫੇਲ ਸੈਂਪਲਾਂ ਦੇ ਮਾਲਕਾਂ ਖ਼ਿਲਾਫ਼ ਅਪਰਾਧਿਕ ਕਾਰਵਾਈ ਕੀਤੀ ਗਈ ਹੈ। ਫੇਲ੍ਹ ਹੋਏ ਕੁਝ ਨਮੂਨਿਆਂ ਵਿੱਚ ਪਾਣੀ ਦੀ ਮਿਲਾਵਟ ਪਾਈ ਗਈ ਜਾਂ ਮਿਲਕ ਪਾਊਡਰ ਜਾਂ ਯੂਰੀਆ ਆਦਿ ਦੀ ਮਿਲਾਵਟ ਪਾਈ ਗਈ ਹੈ।

ਪੰਜਾਬ ਦੇ ਲੋਕਾਂ ਨੂੰ ਸ਼ੁੱਧ ਦੁੱਧ ਅਤੇ ਖਾਣ-ਪੀਣ ਦੀਆਂ ਵਸਤੂਆਂ ਮਿਲ ਸਕਣ, ਇਸ ਦੇ ਲਈ ਰੋਜ਼ਾਨਾ ਤਿੰਨ ਤੋਂ ਚਾਰ ਸੈਂਪਲ ਲਏ ਜਾਂਦੇ ਹਨ। ਇਨ੍ਹਾਂ ਹੀ ਨਹੀਂ ਦਾਲਾਂ ਅਤੇ ਹੋਰ ਚੀਜ਼ਾਂ ਦੇ ਸੈਂਪਲ ਵੀ ਸਿਹਤ ਵਿਭਾਗ ਵੱਲੋਂ ਲਏ ਜਾਂਦੇ ਹਨ। ਇਸ ਦੇ ਨਾਲ ਹੀ ਜਾਗਰੂਕਤਾ ਪੈਦਾ ਕਰਨ ਲਈ ਡੇਅਰੀ ਵਿਭਾਗ ਵੱਲੋਂ ਮੋਬਾਈਲ ਵੈਨਾਂ ਰਾਹੀਂ ਕੈਂਪ ਵੀ ਲਗਾਏ ਜਾਂਦੇ ਹਨ। ਇਨ੍ਹਾਂ ਸੈਂਪਲਾਂ ਲਈ ਲੋਕਾਂ ਨੂੰ ਕੁਝ ਵੀ ਨਹੀਂ ਦੇਣਾ ਪੈਂਦਾ। ਇਸ ਦੇ ਪਿੱਛੇ ਕੋਸ਼ਿਸ਼ ਇਹ ਹੈ ਕਿ ਲੋਕ ਖੁਦ ਖਾਣ-ਪੀਣ ਦੀਆਂ ਚੀਜ਼ਾਂ ਬਾਰੇ ਜਾਗਰੂਕ ਹੋਣ।

## ਵਿਸ਼ਵ ਅਲਜ਼ਾਈਮਰ ਅਵੇਅਰਨੈਸ ਮਹੀਨਾ 2024

# ਭੁੱਲ ਜਾਣ ਦੀ ਵੱਧ ਰਹੀ ਸਮੱਸਿਆ





ਸਾਲ 2024 ਬਦਾ ਥੀਮ ਹੈ "ਅਲਜ਼ਾਈਮਰ ਅਤੇ ਡਿਮੈਂਸ਼ੀਆ ਬਾਰੇ ਜਾਗਰੂਕ ਹੋਵੋ, ਜਾਗਰੂਕ ਕਰੋ" ਯਾਦਾਸ਼ਤ ਨਾਲ ਜੁੜੀ ਆਮ ਸਮੱਸਿਆ ਅਲਜ਼ਾਈਮਰ ਦਾ ਵੱਧ ਰਿਹਾ ਅੰਕੜਾ ਵਿਸ਼ਵ ਲਈ ਅੱਜ ਚੈਲੇਂਜ ਬਣਦਾ ਜਾ ਰਿਹਾ ਹੈ। ਵਿਸ਼ਵ ਅਲਜ਼ਾਈਮਰ ਮਹੀਨੇ ਦਾ ਮਕਸਦ ਹੈ ਹਰ ਪੱਧਰ 'ਤੇ ਜਾਗਰੂਕਤਾ"- ਅਨਿਲ ਧੀਰ ਕਾਲਮਨਿਸਟ, ਥੈਰਾਪਿਸਟ, ਹੈਲਥ ਐਜੂਕੇਟਰ ਅਵਾਰਡ ਵਿਜੇਤਾ, ਸੋਸ਼ਲ ਐਕਟੀਵਿਸਟ

**ਹੈਲਥ ਮੀਡੀਆ ਕੈਨੇਡਾ:** 'ਜਾਗਰੂਕ ਹੋਵੋ , ਜਾਗਰੂਕ ਕਰੋ' ਵਿਸ਼ਵ ਭਰ ਵਿਚ ਸਤੰਬਰ 2024 ਨੂੰ ਵਿਸ਼ਵ ਅਲਜ਼ਾਈਮਰ ਮਹੀਨੇ ਦੇ ਤੌਰ ਤੇ ਮਨਾਇਆ ਜਾ ਰਿਹਾ ਹੈ। ਜਿਸਦਾ ਉਦੇਸ਼ ਹਰ ਪੱਧਰ 'ਤੇ ਅਲਜ਼ਾਈਮਰ ਬਾਰੇ ਜਾਗਰੂਕਤਾ ਨੂੰ ਵਧਾਉਣਾ ਅਤੇ ਇਸ ਕਲੰਕ ਨੂੰ ਲਗਾਤਾਰ ਚੁਣੌਤੀ ਦੇਣਾ ਹੈ। ਅਲਜ਼ਾਈਮਰ ਰੋਗ ਦਿਮਾਗੀ ਕਮਜ਼ੋਰੀ ਦੀ ਇੱਕ ਕਿਸਮ ਹੈ ਜੋ ਯਾਦਾਸ਼ਤ, ਸੋਚ ਅਤੇ ਵਿਵਹਾਰ ਵਿੱਚ ਅੱਜ ਬੇਸ਼ੁਮਾਰ ਸਮੱਸਿਆਵਾਂ ਦਾ ਕਾਰਨ ਬਣ ਰਹੀ ਹੈ। ਇਨਸਾਨ ਦੀ ਕੋਈ ਬਿਮਾਰੀ ਅਤੇ ਵੱਧ ਰਹੀ ਉਮਰ ਦੇ ਨਾਲ-ਨਾਲ ਡੇਲੀ ਰੁਟੀਨ ਵਿਚ ਇਸਦੇ ਦਖਲ ਨਾਲ ਗੰਭੀਰ ਨਤੀਜੇ ਸਾਹਮਣੇ ਆ ਰਹੇ ਹਨ। ਵਿਸ਼ਵ ਭਰ ਵਿੱਚ ਇਹ ਦਿਮਾਗੀ ਕਮਜ਼ੋਰੀ ਦਾ ਅੰਕੜਾ ਅੰਦਾਜਨ 72-86% ਪਹੁੰਚ ਗਿਆ ਹੈ।

ਅਲਜ਼ਾਈਮਰ ਦੇ ਰੋਗੀ, ਜੋ 2030 ਤੱਕ 66.5 ਮਿਲੀਅਨ ਤੋਂ ਵੱਧ ਹੋਣ ਦਾ ਅਨੁਮਾਨ ਹੈ। ਸੰਯੁਕਤ ਰਾਜ ਮੌਤ ਦਾ ਛੇਵਾਂ ਕਾਰਨ ਅਤੇ ਪਛਿਲੇ 18 ਸਾਲ ਵਿਚ ਅਲਜ਼ਾਈਮਰ ਨਾਲ ਹੋਣ ਵਾਲੀਆਂ ਮੌਤਾਂ ਵਿਚ ਲਗਭਗ 147% ਵਾਧਾ ਹੋਇਆ ਹੈ। ਜਰੂਰੀ ਨਹੀਂ ਬਜ਼ੁਰਗ ਪੀੜਿਤ ਹਨ, ਲਗਭਗ 200,000 ਅਮਰੀਕੀ 65 ਸਾਲ ਤੋਂ ਘੱਟ ਉਮਰ ਵਿਅਕਤੀ ਸ਼ਿਕਾਰ ਹਨ। ਸ਼ੁਰੁਆਤੀ ਅਲਜ਼ਾਈਮਰ ਰੋਗ 30 ਤੋਂ 60 ਸਾਲ ਦੀ ਉਮਰ ਵਿਚ ਦੇਖਿਆ ਜਾ ਰਿਹਾ ਹੈ। ਅਲਜ਼ਾਈਮਰ ਦੀ ਆਮ ਹਾਲਤ ਵਿਚ ਵਿਅਕਤੀ ਰੋਜ਼ ਦੇ ਕੰਮ ਯਾਨਿ ਸਵਾਲ ਵਾਰ-ਵਾਰ ਕਰਨ ਤੋਂ ਲੈ ਕੇ ਗੱਲਾਂ ਨੂੰ ਛੇਤੀ ਭੁੱਲਣ ਲੱਗ ਪੈਂਦਾ ਹੈ। ਦੂਸਰੀ ਹਾਲਤ ਵਿਚ ਬਿਮਾਰੀ ਨਾਲ ਪੀੜਿਤਾਂ ਨੂੰ ਪਰਿਵਾਰ ਦੇ ਮੈਂਬਰ ਅਤੇ ਦੋਸਤਾਂ ਦੀ ਪਛਾਣ ਕਰਨ ਵਿਚ ਮੁਸ਼ਕਿਲ ਆਉਣੀ ਸ਼ੁਰੂ ਹੋ ਜਾਂਦੀ ਹੈ। ਯਾਦਾਸ਼ਤ ਘਟਣ ਨਾਲ ਰੋਗੀ ਕਨਫਿਊਜ਼ ਰਹਿੰਦਾ ਹੈ। ਇਸ ਹਾਲਤ ਵਿਚ ਪਰਸਨਲ ਕੰਮ ਜਿਵੇਂ ਮੂੰਹ ਧੋਣਾ, ਟੂਥ-ਬ੍ਰਸ਼ ਕਰਨਾ, ਖਾਣਾ-ਪੀਣਾ, ਅਤੇ ਕਪੜੇ ਬਦਲਣ ਵਗੈਰਾ ਵਿਚ ਵੀ ਮੁਸ਼ਕਲ ਆ ਸਕਦੀ ਹੈ। ਗੰਭੀਰ ਅਲਜ਼ਾਈਮਰ ਰੋਗ ਦੀ ਅਗਲੀ ਹਾਲਤ ਵਿਚ ਦਿਮਾਗੀ-ਸਿਸਟਮ ਜ਼ਿਆਦਾ ਕਮਜੋਰ ਹੋ ਜਾਣ ਕਰਕੇ ਦਿਮਾਗ ਦੇ ਟਿਸ਼ੂ, ਸੈਲਜ਼ ਸੁੰਗੜ ਜਾਂਦੇ ਹਨ। ਬ੍ਰੇਨ-ਸਰਕੁਲੇਸ਼ਨ ਘੱਟ ਜਾਂ ਖਤਮ ਦੀ ਹਾਲਤ ਰੋਗੀ ਬੈਡ ਰਿਡਨ ਹੋ ਜਾਂਦਾ ਹੈ। ਆਪਣੇ-ਆਪ ਕੁੱਝ ਕਰਕੇ ਰੋਗੀ ਦੀ ਨਿਰਭਰਤਾ ਵੱਧ ਜਾਂਦੀ ਹੈ।



**Anil Dheer**
Columnist. Alternative Therapist, Social Activist.
Health Educator Award winner;
Certified in:
GNT Diseases 2023 (W.H.O) Air Pollution n Health 2023 (W.H.O)
Monkey-pox Virus: Health Emergencies programme (W.H.O) PHR-UNICEF
Covid Variants-Vaccine-specific resources & IPC (W.H.O)

ਅਲਜ਼ਾਈਮਰ ਬਿਮਾਰੀ ਦਾ ਅਸਲ ਕਾਰਨ ਵਿਗਿਆਨੀ ਅਜੇ ਤੱਕ ਸਮਝ ਨਹੀਂ ਪਾ ਰਹੇ ਹਨ। ਅਲਜ਼ਾਈਮਰ ਦੀ ਸ਼ੁਰੂਆਤ ਵਿਚ ਜੈਨੇਟਿਕ ਬਦਲਾਅ ਵੀ ਕਾਰਨ ਹੋ ਸਕਦਾ ਹੈ। ਅਲਜ਼ਾਈਮਰ ਦੀ ਅਗਲੀ ਸਟੇਜ਼ ਵਿਚ ਦਿਮਾਗ ਅੰਦਰ ਹੋਣ ਵਾਲੇ ਗੁੰਝਲਦਾਰ ਪਰਿਵਰਤਨ ਅਤੇ ਲਗਾਤਾਰ ਬਦਲ ਰਿਹਾ ਲਾਈਫਸਟਾਈਲ ਮਨਿਆ ਜਾ ਰਿਹਾ ਹੈ। ਅਲਜ਼ਾਈਮਰ ਦੇ ਵਿਕਾਸ ਦੇ ਖ਼ਤਰੇ ਨੂੰ ਵਧਾਉਣ ਵਿਚ ਬ੍ਰੇਨ ਸੈਲਜ਼, ਟਿਸ਼ੂ ਦੀ ਵੱਖ-ਵੱਖ ਤਰੀਕੇ ਨਾਲ ਬਦਲਦੀ ਹੋਈ ਕ੍ਰਿਆ ਹੋ ਸਕਦੀ ਹੈ। ਵਿਗਿਆਨੀ ਦਿਮਾਗ ਅਤੇ ਸਰੀਰ ਦੇ ਤਰਲ ਪਦਾਰਥਾਂ ਵਿਚ ਤਬਦੀਲੀਆਂ ਬਾਰੇ ਸਟਡੀ ਦੁਆਰਾ ਅਲਜ਼ਾਈਮਰ ਦੇ ਪੈਦਾ ਹੋਣ ਵਾਲੇ ਲਛਣਾਂ ਨੂੰ ਪਹਿਲਾਂ ਹੀ ਪਤਾ ਲਗਾਇਆ ਜਾ ਸਕਦਾ ਹੈ। ਐਪਲੀਪੋਪ੍ਰੋਟੀਨ ਈ ਜੀਨ ਦਾ ਇੱਕ ਰੂਪ ਹੋਣਾ ਸਰੀਰ ਅੰਦਰ ਖਤਰੇ ਨੂੰ ਵਧਾ ਰਹੀ ਹੈ। ਉਮਰ ਨਾਲ ਜੁੜੀਆਂ ਤਬਦੀਲੀਆਂ ਵਿਚ ਦਿਮਾਗ ਦੇ ਕੁੱਝ ਹਿੱਸੇ ਸਿੰਗੁੜ (ਐਟਰੋਫੀ) ਜਾਣ ਨਾਲ, ਨਾੜੀਆਂ ਦੀ ਕ੍ਰਿਆ ਬਿਗੜ ਜਾਂਦੀ ਹੈ। ਪੂਰਾ ਡੀਐਏ ਗਰੁੱਪ ਜੋ ਕਿਸੇ ਵਿਅਕਤੀ ਦੇ ਦੇਰ ਨਾਲ ਹੋਣ ਵਾਲੇ ਅਲਜ਼ਾਈਮਰ ਦੇ ਖਤਰੇ ਨੂੰ ਵੱਖ-ਵੱਖ ਡਿਗਰੀਆਂ ਵਿਚ ਵਧਾ ਜਾਂ ਘਟਾ ਸਕਦਾ ਹੈ। ਵੱਧ ਰਹੀ ਅਲਜ਼ਾਈਮਰ ਦੀ ਸਮੱਸਿਆ ਅੱਜ ਬੋਧਿਕ ਗਿਰਾਵਟ ਨਾਲ ਜੁੜੇ ਰੋਗ-ਸਟ੍ਰੋਕ, ਹਾਈ-ਬਲੱਡ ਪ੍ਰੈਸ਼ਰ, ਮੋਟਾਪਾ ਅਤੇ ਡਾਇਬੀਟੀਜ਼ ਵੀ ਜਿਮੇਵਾਰ ਹੋ ਸਕਦੇ ਹਨ। ਦਿਮਾਗ ਦੀ ਵੱਧ ਰਹੀ ਉਮਰ ਅਤੇ ਬਿਮਾਰੀ ਦੇ ਅਸਲ ਕਾਰਨ ਲਈ ਰਿਸਰਚ ਜ਼ਾਰੀ ਹੈ।

ਘੱਟ ਉਮਰ 'ਚ ਛੇਤੀ ਭੁੱਲ ਜਾਣ ਦੀ ਸਮੱਸਿਆ ਲਈ ਸਰੀਰਕ-ਮਾਨਸਿਕ ਅਕੇਸਰਸਾਈਜ਼, ਪੌਸ਼ਟਿਕ ਖੁਰਾਕ, ਸੋਸ਼ਲ ਗਤੀਵਿਧੀਆਂ, ਆਤਮ ਵਿਸ਼ਵਾਸ, ਸਮੇਂ-ਸਮੇਂ ਤੇ ਮੈਡੀਕਲ ਚੈਕਅਪ ਅਤੇ ਬਿਮਾਰੀਆਂ ਦੇ ਪ੍ਰੋਪਰ ਇਲਾਜ਼ ਨਾਲ ਅਲਜ਼ਾਈਮਰ ਦੇ ਖਤਰੇ ਨੂੰ ਘਟਾਇਆ ਜਾ ਸਕਦਾ ਹੈ।

ਅਲਜ਼ਾਈਮਰ ਤੋਂ ਬਚਾਅ ਲਈ ਗਲੋਬਲ ਐਕਸ਼ਨ ਦੀ ਮੰਗ ਕੀਤੀ ਜਾ ਰਹੀ ਹੈ। ਹੈਲਦੀ ਲਾਈਫਸਟਾਈਲ, ਵਾਤਾਵਰਣ ਅਤੇ ਬਿਮਾਰੀਆਂ ਤੋਂ ਬਚਾਅ ਦੇ ਤਰੀਕੇ ਅਲਜ਼ਾਈਮਰ ਦਾ ਵਿਕਾਸ ਘਟਾਉਣ ਵਿਚ ਭੂਮਿਕਾ ਨਿਭਾ ਸਕਦੇ ਹਨ।

ਅਲਜ਼ਾਈਮਰ ਦੀ ਜਾਂਚ ਲਈ ਕਲੀਨਿਕ ਟਰਾਇਲ ਦੁਆਰਾ "ਸੰਭਾਵਤ ਅਲਜ਼ਾਈਮਰ ਡਿਮੇਨਸ਼ੀਆ," ਰੋਗੀ ਅਤੇ ਪੂਰੇ ਪਰਿਵਾਰ ਦੀ ਸਮੁੱਚੀ ਸਿਹਤ, ਵਧੇਰੇ ਦਵਾਈਆਂ ਦੀ ਵਰਤੋਂ, ਖੁਰਾਕ, ਪਿਛਲੇ ਮੈਡੀਕਲ ਸਮੱਸਿਆਵਾਂ, ਡੇਲੀ ਗਤੀਵਿਧੀਆਂ ਕਰਨ ਦੀ ਯੋਗਤਾ, ਪੋਜ਼ੀਟਿਵ ਸੋਚ, ਮਾਨਸਿਕ ਵਿਵਹਾਰ ਵਿਚ ਤਬਦੀਲੀ ਬਾਰੇ ਜਾਂਚ, ਮੈਡੀਕਲ ਟੈਸਟ-ਐਮਆਰਆਈ, ਸੀਟੀਸੀ, ਪੀਈਟੀ, ਵਗੈਰਾ ਨਾਲ ਕਿਸੇ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ।

ਅੰਤਰਰਾਸ਼ਟਰੀ ਪੱਧਰ ਤੰਦਰੁਸਤੀ ਲਈ 'ਤੇ ਅਲਜ਼ਾਈਮਰ ਦੀ ਕਲੀਨਿਕਲ ਖੋਜ, ਇਲਾਜ਼, ਰੋਕਥਾਮ, ਅਤੇ ਸਮਝਣ ਲਈ ਵਲੰਟੀਅਰਾਂ ਦੇ ਸਹਿਯੋਗ ਦੀ ਲੌੜ ਹੈ।

ਸਿਗਰੇਟ ਜਾਂ ਤਮਾਕੂਨੋਸ਼ੀ ਅਤੇ ਜ਼ਿਆਦਾ ਅਲਕੋਹਲ ਇਸਤੇਮਾਲ ਕਰਨ ਵਾਲੇ ਦਿਮਾਗੀ ਕਮਜੋਰੀ, ਸ਼ੂਗਰ, ਸਟ੍ਰੋਕ ਅਤੇ ਕੈਂਸਰ ਵਰਗੀਆਂ ਖਤਰਨਾਕ ਬਿਮਾਰੀਆਂ ਦੇ ਨਾਲ ਅਲਜ਼ਾਈਮਰ ਦਾ ਵੀ ਖਤਰਾ ਵਧਾ ਰਹੇ ਹਨ। ਤੰਦਰੁਸਤੀ ਲਈ ਜੰਕ ਫੂਡ, ਜ਼ਿਆਦਾ ਸ਼ੂਗਰ, ਅਲਕੋਹਲ, ਅਤੇ ਨਸ਼ਿਆਂ ਦੀ ਆਦਤ ਕੰਟ੍ਰੋਲ ਕਰਨ ਦੀ ਲੋੜ ਹੈ।

ਰੁਟੀਨ ਦੀ ਖੁਰਾਕ ਵਿਚ ਹਰੀਆਂ ਪੱਤੇਦਾਰ ਸਬਜ਼ੀਆਂ, ਓਮੇਗਾ ਸਪਲੀਮੈਂਟਸ, ਬਦਾਮ ਗਿਰੀ, ਦੁੱਧ, ਪਨੀਰ, ਦਹੀਂ, ਘਰੇਲੂ ਮਿਕਸ ਵੇਜ਼ੀਟੇਬਲ ਸੂਪ, ਤਾਜ਼ੇ ਫਲਾਂ ਦਾ ਰੱਸ, ਦਾਲਾਂ, ਬੀਨਜ਼, ਓਲਿਵ ਆਇਲ ਵਗੈਰਾ ਨੂੰ ਸ਼ਾਮਿਲ ਕਰੋ।

**ਨੋਟ:** ਡੇਲੀ ਰੁਝੇਵਿਆਂ 'ਚ ਹੋ ਰਹੀਆਂ ਆਮ ਗੱਲਾਂ ਆਪਣੇ ਗਲੇ ਵਿਚ ਲਟਕੀ ਹੋਈ ਐਨਕ ਲੱਭਣਾ, ਕਾਰ ਪਾਰਕ ਕਰਕੇ ਅਤੇ ਕਾਰ ਦੀ ਅਤੇ ਬਾਹਰੋਂ ਆਕੇ ਘਰ ਦੀ ਚਾਬੀ ਰੱਖ ਕੇ ਭੱਲ ਜਾਣਾ, ਦੋਸਤ-ਰਿਸ਼ਤੇਦਾਰਾਂ ਦੇ ਨਾਂ, ਰੋਜ ਦੇ ਜਰੂਰੀ ਕੰਮ, ਬਿੱਲਾਂ ਦਾ ਸਮੇਂ 'ਤੇ ਭੁਗਤਾਨ, ਕੰਮ ਕਰਨ ਦੀ ਯੋਗਤਾ ਘੱਟ ਜਾਣਾ, ਅਤੇ ਛੇਤੀ ਮੂਡ ਬਦਲ ਜਾਣ ਦੀ ਹਾਲਤ ਨੂੰ ਗੰਭੀਰਤਾ ਨਾਲ ਲੈ ਕੇ ਆਪਣੇ ਫੈਮਿਲੀ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਹਾਈ ਬਲੱਡ-ਪ੍ਰੈਸ਼ਰ, ਡਿਪ੍ਰੈਸ਼ਨ ਅਤੇ ਸ਼ੂਗਰ ਦੇ ਰੋਗੀਆਂ ਨੂੰ ਖਾਸ ਧਿਆਨ ਦੇਣ ਦੀ ਲੋੜ ਹੁੰਦੀ ਹੈ। ਅੱਜ ਪਰਿਵਾਰ ਦੇ ਹਰ ਮੈਂਬਰ ਨੂੰ ਇਸ ਚੈਲੇਂਜ ਦਾ ਸਾਹਮਣਾ ਕਰਨ ਲਈ ਜਾਗਰੁਕ ਹੋਣ ਦੀ ਲੋੜ ਹੈ।

















# ਉਮੀਦ ਅਤੇ ਸਵੀਕ੍ਰਿਤੀ

ਮਨੋਵਿਗਿਆਨ ਕਹਿੰਦਾ ਹੈ ਕਿ ਅਸੀਂ ਜਦੋਂ ਵੀ ਕਿਸੇ ਚੀਜ਼ ਨੂੰ ਵੇਖਦੇ ਹਾਂ ਤਾਂ ਉਸਨੂੰ ਪੂਰਨ ਤੌਰ 'ਤੇ ਦੇਖਦੇ ਹਾਂ। ਮਿਸਾਲ ਦੇ ਤੌਰ ਤੇ ਜੇਕਰ ਅਸੀਂ ਕਿਸੇ ਦਾ ਚਿਹਰਾ ਵੇਖਦੇ ਹਾਂ ਤਾਂ ਉਸਨੂੰ ਪੂਰੇ ਚਿਹਰੇ ਦੀ ਤਰ੍ਹਾਂ ਹੀ ਦੇਖਿਆ ਜਾਂਦਾ ਹੈ ਉਸ ਦਿਨ ਨੱਕ ਕੰਨ ਅੱਖਾਂ ਅਲੱਗ ਅਲੱਗ ਕਰਕੇ ਨਹੀਂ ਦੇਖਦੇ। ਇਹ ਹਰ ਇੱਕ ਚੀਜ਼ ਦੇ ਲਾਗੂ ਹੁੰਦਾ ਹੈ।

**We proceed things as a whole.**

ਅਸੀਂ ਕਿਸੇ ਫੁੱਲ ਨੂੰ ਵੇਖਦੇ ਹਾਂ ਤਾਂ ਉਸ ਦੀ ਇੱਕ ਇੱਕ ਪੰਖੜੀ ਵੱਲ ਧਿਆਨ ਨਹੀਂ ਦਿੰਦੇ ਉਸ ਤੋਂ ਪੂਰੇ ਫੁੱਲ ਵਜੋਂ ਹੀ ਦੇਖਿਆ ਜਾਂਦਾ ਹੈ।

ਪਰ ਪਤਾ ਨਹੀਂ ਕਿਉਂ ਕਿਸੇ ਮਨੁੱਖ ਦੀ ਸ਼ਖਸੀਅਤ ਨੂੰ ਵੇਖਦਿਆਂ ਅਸੀਂ ਉਸ ਦੇ ਟੁਕੜੇ ਕਰਕੇ ਵੇਖਦੇ ਹਾਂ। ਅਸੀਂ ਉਸਦੇ ਸੁਭਾਅ ਨੂੰ ਵੱਖ-ਵੱਖ ਨਜ਼ਰੀਆਂ ਤੋਂ ਵੇਖਦੇ ਹਾਂ। ਵੇਖਣ ਦੀ ਗੱਲ ਛੱਡੋ ਜੇ ਆਪਾਂ ਅਪਣਾਉਣ ਦੀ ਗੱਲ ਕਰੀਏ ਤਾਂ ਅਸੀਂ ਉਸਨੂੰ ਇੱਕ ਪੂਰਨ ਸ਼ਖਸ ਵਜੋਂ ਨਹੀਂ ਅਪਣਾਉਂਦੇ।

ਹਰ ਵਿਅਕਤੀ ਆਪਣੇ ਆਪ ਵਿੱਚ ਇੱਕ ਸੰਪੂਰਨ ਸ਼ਖਸੀਅਤ ਹੈ। ਉਸ ਵਿੱਚ ਕੁਝ ਚੰਗਿਆਈਆਂ ਤੇ ਕੁਝ ਬੁਰਾਈਆਂ ਹੋਣਗੀਆਂ। ਕੋਈ ਵੀ ਮਨੁੱਖ ਬੁਰਾਈਆਂ ਤੋਂ ਰਹਿਤ ਨਹੀਂ ਹੋ ਸਕਦਾ ਅਤੇ ਚੰਗਿਆਈਆਂ ਵੀ ਉਸ ਵਿੱਚ ਜ਼ਰੂਰ ਹੁੰਦੀਆਂ ਹਨ। ਅਸੀਂ ਉਸ ਦੇ ਚਿਹਰੇ ਨੂੰ ਤਾਂ ਪੂਰਨ ਚਿਹਰੇ ਦੀ ਤਰ੍ਹਾਂ ਦੇਖਦੇ ਹਾਂ ਪਰ ਉਸਦੀ ਸ਼ਖਸੀਅਤ ਨੂੰ ਪੂਰਨ ਤੌਰ 'ਤੇ ਨਹੀਂ ਅਪਣਾਉਂਦੇ।

ਉਸਦੇ ਜੋ ਗੁਣ ਸਾਨੂੰ ਚੰਗੇ ਲੱਗਦੇ ਹਨ ਅਸੀਂ ਉਹਨਾਂ ਨੂੰ ਅਪਣਾ ਲੈਂਦੇ ਹਾਂ ਪਰ ਜੋ ਗੱਲਾਂ ਸਾਨੂੰ ਚੰਗੀਆਂ ਨਹੀਂ ਲੱਗਦੀਆਂ ਉਹਨਾਂ ਨੂੰ ਅਸੀਂ ਬਦਲਣ ਦੀ ਕੋਸ਼ਿਸ਼ ਕਰਨ ਲੱਗਦੇ ਹਾਂ। ਅਸੀਂ ਵਾਰ-ਵਾਰ ਉਸਨੂੰ ਇਹ ਅਹਿਸਾਸ ਤੋਂ ਆਉਂਦੇ ਹਾਂ ਕਿ ਇਹ ਗੱਲਾਂ ਤੇਰੇ ਵਿੱਚ ਗਲਤ ਹਨ। ਬਾਰ-ਬਾਰ ਇਹ ਗੱਲਾਂ ਸੁਣ ਕੇ ਉਹ ਵਿਅਕਤੀ ਕਿਤੇ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ ਜਾਂ ਸਾਡੇ ਤੋਂ ਪਰੇ ਹੋ ਜਾਂਦਾ ਹੈ।

ਇਹ ਵਰਤਾਰਾ ਸਾਡੀ ਜ਼ਿੰਦਗੀ ਵਿੱਚ ਆਮ ਵਾਪਰਦਾ ਹੈ। ਘਰਾਂ ਵਿੱਚ ਹੀ ਵੇਖ ਲਓ ਪਤੀ ਪਤਨੀ ਇੱਕ ਦੂਜੇ ਦੇ ਗੁਣਾਂ ਨੂੰ ਤਾਂ ਅਪਣਾ ਲੈਂਦੇ ਹਨ ਪਰ ਉਸਦੇ ਔਗੁਣਾਂ ਤੇ ਹਰ ਵੇਲੇ ਟਿੱਪਣੀ ਕਰਦੇ ਰਹਿੰਦੇ ਹਨ। ਜੋ ਗੱਲਾਂ 25-30 ਸਾਲ ਤੋਂ ਕਿਸੇ ਦੇ ਸੁਭਾਅ ਦਾ ਹਿੱਸਾ ਬਣ ਚੁੱਕੀਆਂ ਹਨ ਉਹਨਾਂ ਨੂੰ ਰਾਤੋ ਰਾਤ ਬਦਲਿਆ ਨਹੀਂ ਜਾ ਸਕਦਾ। ਇਹ ਜਰੂਰੀ ਵੀ ਨਹੀਂ ਕਿ ਜਿਸ ਤਰ੍ਹਾਂ ਸਾਨੂੰ ਪਸੰਦ ਹੈ ਦੂਸਰਾ ਉਸੇ ਤਰ੍ਹਾਂ ਦਾ ਹੋ ਜਾਵੇ। ਇਹ ਉਮੀਦ ਕਰਨਾ ਹੀ ਗਲਤ ਹੈ।

ਕਿਸੇ ਵੀ ਵਿਅਕਤੀ ਨੂੰ ਜਦ ਤੱਕ ਆਪਣੇ ਆਪ ਇਹ ਅਹਿਸਾਸ ਨਾ ਹੋਵੇ ਕਿ ਉਸ ਅੰਦਰ ਕੁਝ ਗੱਲਾਂ ਬਦਲਣ ਵਾਲੀਆਂ ਹਨ ਉਹ ਨਹੀਂ ਬਦਲਦਾ। ਬਦਲ ਸਕਦਾ ਹੀ ਨਹੀਂ। ਅਸੀਂ ਹਰ ਕਿਸੇ ਨੂੰ ਆਪਣੇ ਮੁਤਾਬਕ ਢਾਲਣ ਦੀ ਕੋਸ਼ਿਸ਼ ਕਰਨ ਲੱਗਦੇ ਹਾਂ। ਮਨੁੱਖੀ ਜ਼ਿੰਦਗੀ ਦੀ ਸਭ ਤੋਂ ਵੱਡੀ ਸਮੱਸਿਆ ਹੀ ਇਹ ਹੈ ਕਿ ਉਹ ਹਰ ਦੂਜੇ ਸ਼ਖਸ ਨੂੰ ਆਪਣੇ ਅਨੁਸਾਰ ਢਾਲ ਲੈਣਾ ਚਾਹੁੰਦਾ ਹੈ। ਮਜ਼ੇ ਦੀ ਗੱਲ ਇਹੀ ਹੈ ਕਿ ਸਾਹਮਣੇ ਵਾਲਾ ਵੀ ਇਹੀ ਤਵੱਕੋ ਕਰਦਾ ਹੈ। ਬਸ ਇਸੇ ਕਸ਼ਮਕਸ਼ ਵਿੱਚ ਜ਼ਿੰਦਗੀ ਗੁਜ਼ਰ ਜਾਂਦੀ ਹੈ।

ਜਦੋਂ ਅਸੀਂ ਕਿਸੇ ਨੂੰ ਸਵੀਕਾਰ ਕਰਦੇ ਹਾਂ ਤਾਂ ਉਸਨੂੰ ਪੂਰਨ ਤੌਰ ਤੇ ਸਵੀਕਾਰ ਕਰਨਾ ਚਾਹੀਦਾ ਹੈ। ਉਸਦੇ ਗੁਣ ਅਤੇ ਔਗੁਣਾਂ ਦੇ ਨਾਲ। ਉਸਨੂੰ ਦੱਸਿਆ ਜਾ ਸਕਦਾ ਹੈ ਤਰਕ ਦੇ ਅਧਾਰ ਤੇ ਦਲੀਲ ਦੇ ਅਧਾਰ ਤੇ ਕਿ ਕਿੱਥੇ ਉਸਨੂੰ ਬਦਲਣ ਦੀ ਜਰੂਰਤ ਹੈ। ਪਰ ਉਸਨੂੰ ਬਦਲ ਜਾਣ ਲਈ ਮਜਬੂਰ ਕਰਨਾ ਸਹੀ ਨਹੀਂ। ਇਸ ਤਰ੍ਹਾਂ ਨਾਲ ਅਸੀਂ ਆਪਣੇ ਸੰਬੰਧਾਂ ਵਿੱਚ ਦਰਾੜ ਪਾ ਲੈਂਦੇ ਹਾਂ।

ਸੋਚਣ ਵਾਲੀ ਗੱਲ ਹੈ ਕਿ ਜੇ ਕਿਸੇ ਨੂੰ ਆਪਣੇ ਅੰਦਰ ਕੋਈ ਕਮੀ ਮਹਿਸੂਸ ਨਹੀਂ ਹੋ ਰਹੀ ਤਾਂ ਤੁਹਾਡੇ ਲੱਖ ਕਹਿਣ ਦੇ ਬਾਵਜੂਦ ਵੀ ਉਹ ਆਪਣੇ ਆਪ ਨੂੰ ਬਦਲੇਗਾ ਕਿਉਂ? ਜਦੋਂ ਉਹ ਨਹੀਂ ਬਦਲੇਗਾ ਤਾਂ ਤੁਹਾਨੂੰ ਚੰਗਾ ਨਹੀਂ ਲੱਗੇਗਾ। ਇਸ ਤਰ੍ਹਾਂ ਖਿਚਾਅ ਵੱਧਦਾ ਜਾਏਗਾ ਤੇ ਅਖੀਰ ਵਿੱਚ ਇਹ ਦੂਰੀ ਵਿੱਚ ਤਬਦੀਲ ਹੋ ਜਾਵੇਗਾ।



ਹਰਪ੍ਰੀਤ ਕੌਰ ਸੰਧੂ

ਅਸੀਂ ਮਨੁੱਖੀ ਰਿਸ਼ਤਿਆਂ ਵਿੱਚ ਇੱਕ ਦੂਜੇ ਨਾਲ ਮੁਹੱਬਤ ਕਰਨ ਦੀ ਦੁਹਾਈ ਦਿੰਦੇ ਹਾਂ। ਦਾਅਵੇ ਕਰਦੇ ਹਾਂ ਕਿ ਅਸੀਂ ਦੂਸਰੇ ਨੂੰ ਬਹੁਤ ਪਿਆਰ ਕਰਦੇ ਹਾਂ ਫਿਰ ਉਹ ਰਿਸ਼ਤਾ ਕੋਈ ਵੀ ਹੋਵੇ। ਪਰ ਅਸੀਂ ਉਹਨਾਂ ਨੂੰ ਅਪਣਾਉਣ ਨੂੰ ਤਿਆਰ ਨਹੀਂ ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਦੇ ਉਹ ਹਨ। ਸਾਡੀ ਉਮੀਦ ਸਾਡੇ ਪਿਆਰ ਤੇ ਭਾਰੂ ਹੋ ਜਾਂਦੀ ਹੈ। ਅਸੀਂ ਭੁੱਲ ਜਾਦੇ ਹਾਂ ਕਿ ਹਰ ਸ਼ਖਸ ਦਾ ਆਪਣਾ ਕਿਰਦਾਰ ਹੈ। ਉਸ ਦੀ ਆਪਣੀ ਸੋਚਣੀ ਹੈ ਆਪਣੀ ਸਮਝ ਹੈ। ਹਰ ਕਿਸੇ ਨੇ ਆਪਣੇ ਸੁਭਾਅ ਤੇ ਸੋਚ ਮੁਤਾਬਕ ਹੀ ਵਿਹਾਰ ਕਰਨਾ ਹੈ।

ਇੱਕ ਗੱਲ ਇਹ ਵੀ ਹੈ ਕਿ ਜਦ ਅਸੀਂ ਕਿਸੇ ਲਈ ਨਹੀਂ ਬਦਲਦੇ ਤਾਂ ਕੋਈ ਸਾਡੇ ਲਈ ਕਿਉਂ ਬਦਲੇ। ਅਸੀਂ ਇਹ ਉਮੀਦ ਹੀ ਕਿਉਂ ਕਰੀਏ ਕਿ ਕੋਈ ਸਾਡੇ ਲਈ ਬਦਲੇ। ਜੇਕਰ ਸਾਡੇ ਮਨ ਵਿੱਚ ਕਿਸ ਦੇ ਰਿਸ਼ਤੇ ਵਿੱਚ ਲਗਾਅ ਜਾਂ ਕੋਈ ਅਪਣੱਤ ਹੈ ਤਾਂ ਸਾਨੂੰ ਚਾਹੀਦਾ ਹੈ ਕਿ ਉਹ ਜਿਵੇਂ ਦਾ ਹੈ ਉਸਨੂੰ ਉਸੇ ਤਰ੍ਹਾਂ ਅਪਣਾਈਏ। ਸੁਖਾਵੇ ਰਿਸ਼ਤਿਆਂ ਲਈ ਇਹ ਬਹੁਤ ਜ਼ਰੂਰੀ ਹੈ।

ਕੋਈ ਵੀ ਦੋ ਮਨੁੱਖ ਇੱਕੋ ਜਿਹੇ ਨਹੀਂ ਹੋ ਸਕਦੇ। ਇੱਕੋ ਮਾਂ ਦੀ ਕੁੱਖ ਚੋਂ ਜੰਮੇ ਦੋ ਬੱਚੇ ਵੀ ਇੱਕੋ ਜਿਹੇ ਨਹੀਂ ਹੁੰਦੇ। ਇਥੋਂ ਤੱਕ ਕਿ ਇੱਕੋ ਸਮੇਂ ਪੈਦਾ ਹੋਏ ਜੁੜਵਾ ਬੱਚੇ ਵੀ ਇੱਕੋ ਜਿਹੇ ਨਹੀਂ ਹੁੰਦੇ। ਉਹਨਾਂ ਦੇ ਸੁਭਾਅ ਵਿੱਚ ਵੀ ਕਈ ਵਾਰ ਬਹੁਤ ਅੰਤਰ ਹੁੰਦਾ ਹੈ। ਫਿਰ ਅਸੀਂ ਦੂਜਿਆਂ ਤੋਂ ਇਸ ਗੱਲ ਦੀ ਉਮੀਦ ਕਿਉਂ ਰੱਖੀਏ।

ਸਾਡੀ ਪਰੇਸ਼ਾਨੀ ਦਾ ਸਬੱਬ ਦਰ ਅਸਲ ਸਾਡੀਆਂ ਉਮੀਦਾਂ ਹੀ ਹਨ। ਉਮੀਦਾਂ ਜਿਨਾਂ ਤੇ ਅਸੀਂ ਖੁਦ ਪੂਰਾ ਨਹੀਂ ਉਤਰਨਾ ਚਾਹੁੰਦੇ ਪਰ ਚਾਹੁੰਦੇ ਹਾਂ ਕਿ ਦੂਜੇ ਪੂਰਾ ਉਤਰਨ। ਰਿਸ਼ਤਿਆਂ ਵਿੱਚ ਜਰੂਰਤ ਹੁੰਦੀ ਹੈ ਦੂਜੇ ਨੂੰ ਸਵੀਕਾਰ ਕਰਨ ਦੀ। ਕਿਸੇ ਨੂੰ ਅਪਣਾਉਣਾ ਹੋਵੇ ਤਾਂ ਉਸਨੂੰ ਪੂਰਨ ਤੌਰ ਤੇ ਅਪਣਾਓ। ਉਸ ਦੇ ਗੁਣ ਔਗੁਣ ਸਭ ਕੁਝ ਅਪਣਾਉਣਾ ਪਵੇਗਾ।

ਜਿਸ ਰਿਸ਼ਤੇ ਵਿੱਚ ਬਿਨਾਂ ਕਿਸੇ ਸ਼ਰਤ ਤੋਂ ਸਵੀਕਾਰ ਕੀਤਾ ਜਾਵੇ ਉਹ ਰਿਸ਼ਤਾ ਹੀ ਨਿਭਦਾ ਹੈ। ਜਿੱਥੇ ਸ਼ਰਤਾਂ ਰੱਖੀਆਂ ਜਾਣ ਉਹ ਰਿਸ਼ਤੇ ਬਹੁਤੇ ਦਿਨ ਨਹੀਂ ਨਿਭਦੇ।

ਸਿਰਫ ਇਸ ਲਈ ਕਿ ਸਾਨੂੰ ਕਿਸੇ ਦਾ ਸੁਭਾਅ ਪਸੰਦ ਨਹੀਂ ਹੈ ਜਾਂ ਸਾਡੇ ਅਨੁਸਾਰ ਨਹੀਂ ਹੈ ਸਾਨੂੰ ਉਸਨੂੰ ਨੀਵਾਂ ਦਿਖਾਉਣ ਦਾ ਕੋਈ ਹੱਕ ਨਹੀਂ। ਹਰ ਮਨੁੱਖ ਦੀ ਆਪਣੀ ਜ਼ਿੰਦਗੀ ਹੈ।

ਗ੍ਰਹਸਤੀ ਵਿੱਚ ਦੋ ਜੀਅ ਇਕੱਠੇ ਰਹਿ ਕੇ ਵੀ ਦੋ ਵੱਖ ਵੱਖ ਸ਼ਖਸੀਅਤਾਂ ਹੀ ਰਹਿੰਦੇ ਹਨ। ਇਹ ਬਹੁਤ ਜਰੂਰੀ ਵੀ ਹੈ। ਸਾਡਾ ਇੱਕ ਦੂਜੇ ਨੂੰ ਅਪਣਾ ਲੈਣਾ ਹੀ ਮੁਹੱਬਤ ਹੈ।

ਅਸੀਂ ਆਪਣੀ ਮੁਹੱਬਤ ਦੀ ਦੁਹਾਈ ਦੇ ਕੇ ਜਦੋਂ ਦੂਜੇ ਨੂੰ ਬਦਲਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਉਹ ਵਪਾਰ ਬਣ ਜਾਂਦੀ ਹੈ। ਇਹ ਹਰ ਰਿਸ਼ਤੇ ਵਿੱਚ ਵਾਪਰਦਾ ਹੈ।

ਮਾਂ, ਪਿਓ, ਭੈਣ, ਭਰਾ, ਸਾਥੀ, ਦੋਸਤ, ਪ੍ਰੇਮੀ, ਪ੍ਰੇਮਿਕਾ, ਪਤੀ, ਪਤਨੀ ਹਰ ਰਿਸ਼ਤੇ ਵਿੱਚ ਇਹੀ ਹੁੰਦਾ ਹੈ।

ਇਸ ਲਈ ਉਮੀਦ ਛੱਡ ਕੇ ਸਵੀਕਾਰ ਕਰਨ ਦੀ ਆਦਤ ਪਾਓ। ਜੇ ਤੁਹਾਡੇ ਮਨ ਵਿੱਚ ਕਿਸੇ ਲਈ ਕੋਈ ਭਾਵਨਾਵਾਂ ਹਨ ਜਾਂ ਤੁਸੀਂ ਕਿਸੇ ਨੂੰ ਆਪਣਾ ਸਮਝਦੇ ਹੋ ਤਾਂ ਉਹ ਜਿਵੇਂ ਦਾ ਹੈ ਉਸਨੂੰ ਅਪਣਾਓ। ਉਸ ਨੂੰ ਬਦਲਣ ਤੇ ਬਜ਼ਿੱਦ ਹੋਣ ਦੀ ਲੋੜ ਨਹੀਂ। ਅਜਿਹਾ ਕਰਕੇ ਤੁਸੀਂ ਉਸਨੂੰ ਗਵਾ ਲਵੋਗੇ। ਉਮੀਦ ਨਾਲ ਰਿਸ਼ਤੇ ਵਿੱਚ ਮਿਠਾਸ ਘਟਦੀ ਹੈ ਤੇ ਕੁੜੱਤਣ ਵੱਧਦੀ ਹੈ। ਅਪਣਾ ਲੈਣ ਨਾਲ ਕੁੜੱਤਣ ਖਤਮ ਹੋ ਜਾਂਦੀ ਹੈ ਤੇ ਮਿਠਾਸ ਵੱਧਦੀ ਹੈ।

ਬਸ ਇਹੀ ਫਰਕ ਹੁੰਦਾ ਉਮੀਦ ਤ ਸਵੀਕ੍ਰਿਤ ੀ ਵਿੱਚ।





# ਚਿੰਤਾ ਭਜਾਓ, ਉਮਰ ਵਧਾਓ

## ਜ਼ਿੰਦਗੀ ਖ਼ੂਬਸੂਰਤ ਹੈ ਪਰ ਜੇਕਰ ਇਸਨੂੰ ਇਸੇ ਤਰ੍ਹਾਂ ਚਿੰਤਾਵਾਂ ਵਿੱਚ ਘੇਰੀ ਰੱਖੋਗੇ ਤਾਂ ਜ਼ਿੰਦਗੀ ਨੂੰ ਮਾਣੋਗੇ ਕਦੋਂ ?

ਸਿਆਣੇ ਆਖਦੇ ਨੇ ਕਿ ਚਿੰਤਾ ਚਿਤਾ ਸਮਾਨ ਹੁੰਦੀ ਹੈ ਤੇ ਇਹ ਗੱਲ ਸੱਚ ਵੀ ਹੈ, ਕਿਉਂਕਿ ਬੇਲੋੜੀ ਚਿੰਤਾ ਸਾਡੀਆਂ ਖ਼ੁਸ਼ੀਆਂ ਨੂੰ ਤਬਾਹ ਕਰ ਦਿੰਦੀ ਹੈ। ਅਜੋਕੇ ਦੌਰ ਅੰਦਰ ਸਾਡੀ ਜੀਵਨ ਸ਼ੈਲੀ ਅਜਿਹੀ ਹੋ ਚੁੱਕੀ ਹੈ ਕਿ ਹਰ ਇਨਸਾਨ ਕਿਸੇ ਨਾ ਕਿਸੇ ਚਿੰਤਾ ਵਿੱਚ ਘਿਰਿਆ ਹੀ ਰਹਿੰਦਾ ਹੈ। ਬੱਚੇ, ਜਵਾਨ, ਬਜ਼ੁਰਗ ਸਭ ਕੋਈ ਨਾ ਕੋਈ ਚਿੰਤਾ ਸਹੇੜੀ ਬੈਠੇ ਹਨ । ਇਹ ਚਿੰਤਾ ਹੀ ਹੈ ਜੋ ਇਨਸਾਨ ਨੂੰ ਅੰਦਰੋਂ-ਅੰਦਰੀਂ ਘੁਣ ਵਾਂਗ ਖਾ ਜਾਂਦੀ ਹੈ । ਚਿੰਤਾ ਕਦੇ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ । ਬੇਲੋੜੀ ਚਿੰਤਾ ਤਾਂ ਬਿਮਾਰੀ ਦਾ ਘਰ ਹੁੰਦੀ ਹੈ। ਇਨਸਾਨ ਨੂੰ ਪਤਾ ਆਪਣੇ ਅਗਲੇ ਪਲ ਦਾ ਨਹੀਂ ਹੁੰਦਾ ਪਰ ਉਹ ਚਿੰਤਾ ਪੂਰੀ ਜ਼ਿੰਦਗੀ ਦੀ ਕਰਦਾ ਹੈ।

ਜ਼ਿੰਦਗੀ ਖ਼ੂਬਸੂਰਤ ਹੈ ਪਰ ਜੇਕਰ ਇਸਨੂੰ ਇਸੇ ਤਰ੍ਹਾਂ ਚਿੰਤਾਵਾਂ ਵਿੱਚ ਘੇਰੀ ਰੱਖੋਗੇ ਤਾਂ ਜ਼ਿੰਦਗੀ ਨੂੰ ਮਾਣੋਗੇ ਕਦੋਂ ? ਜ਼ਿੰਦਗੀ ਜਿਊਣ ਲਈ ਹੁੰਦੀ ਹੈ, ਬੇਲੋੜੀਆਂ ਚਿੰਤਾਵਾਂ ਨਾਲ ਇਸਨੂੰ ਬੋਝ ਨਾ ਬਣਾਉ। ਜ਼ਿੰਦਗੀ ਪ੍ਰਤੀ ਖੁੱਲਾ ਨਜ਼ਰੀਆ ਰੱਖੋ । ਜ਼ਿੰਦਗੀ ਦਾ ਪਲ-ਪਲ ਮਾਣੋ, ਜ਼ਿੰਦਗੀ ਆਪਣੇ ਆਪ ਹਸੀਨ ਲੱਗਣ ਲੱਗੇਗੀ। ਚਿੰਤਾਵਾਂ ਵੱਧਣ ਦਾ ਇੱਕ ਕਾਰਨ ਸਾਡੀਆਂ ਖਵਾਹਿਸ਼ਾਂ ਦਾ ਵੱਧਣਾ ਵੀ ਹੈ। ਜ਼ਿੰਦਗੀ ਨੂੰ ਸਬਰ, ਸਕੂਨ ਅਤੇ ਸ਼ੁਕਰਾਨੇ ਨਾਲ ਜਿਉਣਾ ਸਿੱਖ ਲਉ ਚਿੰਤਾਵਾਂ ਆਪਣੇ ਆਪ ਘੱਟ ਜਾਣਗੀਆਂ । ਆਪਣੀ ਮੰਜਿਲ 'ਤੇ ਪਹੁੰਚਣ ਲਈ ਲਗਾਤਾਰ ਮਿਹਨਤ ਕਰੋ, ਕੋਸ਼ਿਸ਼ ਕਰੋ ਪਰ ਬੇਲੋੜੀ ਚਿੰਤਾ ਨਾ ਕਰੋ ਕਿਉਂਕਿ ਚਿੰਤਾ ਕੀਤੇ ਹਾਸਿਲ ਕੁਝ ਨਹੀਂ ਹੁੰਦਾ ਸਗੋਂ ਜ਼ਿੰਦਗੀ ਦੀਆਂ ਛੋਟੀਆਂ - ਛੋਟੀਆਂ ਖ਼ੁਸ਼ੀਆਂ ਵੀ ਸਾਥੋਂ ਰੁੱਸ ਜਾਂਦੀਆਂ ਹਨ ।



ਪ੍ਰਮਾਤਮਾ 'ਤੇ ਵਿਸ਼ਵਾਸ ਰੱਖ ਕੇ ਚਿੰਤਾ ਨੂੰ ਭੁੱਲ ਕੇ ਮਿਹਨਤ ਦਾ ਪੱਲਾ ਫੜੋ, ਸਫ਼ਲਤਾ ਤੁਹਾਡੇ ਕਦਮ ਚੁੰਮੇਗੀ । ਚਿੰਤਾ ਬਿਮਾਰੀ ਦਾ ਦੂਸਰਾ ਨਾਮ ਹੈ। ਉਹ ਵਿਅਕਤੀ ਸੱਚਮੁੱਚ ਹੀ ਖ਼ੁਸ਼ਕਿਸਮਤ ਹੁੰਦਾ ਹੈ ਜਿਹੜਾ ਚਿੰਤਾ ਮੁਕਤ ਹੋ ਕੇ ਜਿਉਣਾ ਸਿੱਖ ਲੈਂਦਾ ਹੈ। ਜੇਕਰ ਅਸੀਂ ਪ੍ਰਮਾਤਮਾ ਵਿੱਚ ਵਿਸ਼ਵਾਸ ਰੱਖਦੇ ਹਾਂ ਤਾਂ ਸਾਨੂੰ ਚਿੰਤਾ ਕਰਨੀ ਹੀ ਨਹੀਂ ਚਾਹੀਦੀ ਕਿਉਂਕਿ ਉਹ ਹਮੇਸ਼ਾ ਸਾਡੇ ਅੰਗ-ਸੰਗ ਰਹਿੰਦਾ ਹੈ। ਬੱਸ ਉਸਦੀ ਰਜ਼ਾ ਵਿੱਚ ਰਹਿਣਾ ਸਿੱਖੋ, ਉਸ ਉਪਰ ਵਿਸ਼ਵਾਸ਼ ਰੱਖੋ। ਚਿੰਤਾ ਇਨਸਾਨ ਨੂੰ ਅੰਦਰੋਂ-ਅੰਦਰੀਂ ਖਤਮ ਕਰ ਦਿੰਦੀ ਹੈ ਪਰ ਜੇਕਰ ਇਨਸਾਨ ਇਨ੍ਹਾਂ ਚਿੰਤਾਵਾਂ ਉਪਰ ਜਿੱਤ ਪ੍ਰਾਪਤ ਕਰ ਲਵੇ ਤਾਂ ਉਹ ਖ਼ੁਸ਼ਹਾਲ ਜ਼ਿੰਦਗੀ ਜੀਅ ਸਕਦਾ ਹੈ। ਜ਼ਿੰਦਗੀ ਜਿਊਣ ਦਾ ਸਭ ਤੋਂ ਵਧੀਆ ਤਰੀਕਾ ਹੈ ਕਿ ਅੱਜ ਵਿੱਚ ਜੀਓ ਕੱਲ੍ਹ ਦੀ ਚਿੰਤਾ ਕਰ ਆਪਣਾ ਅੱਜ ਬਰਬਾਦ ਨਾ ਕਰੋ ਕਿਉਂਕਿ ਕੱਲ੍ਹ ਕਿਸੇ ਨੇ ਨਹੀਂ ਵੇਖਿਆ ।



ਜਸਪ੍ਰੀਤ ਕੌਰ ਸੰਘਾ
ਤਨੂੰਲੀ (ਹੁਸ਼ਿਆਰਪੁਰ)
99150 – 33176

# ਮੇਰਿਆ ਪੰਜਾਬਾ ਤੈਨੂੰ ਕੀ ਹੋ ਗਿਆ...

ਕੌਣ ਹੈ ਉਹ ਨਹਿਸ਼, ਜੋ ਨਜ਼ਰ ਲਾ ਗਿਆ
ਦੁੱਧਾਂ ਦੀਆਂ ਚਾਟੀਆਂ ਚ' ਜ਼ਹਿਰ ਪਾ ਗਿਆ
ਬਲੱਛਣਾ ਕੋਈ ਕਾਗ, ਬਨੇਰੇ ਉੱਤੇ ਰੋ ਗਿਆ
ਮੇਰਿਆ ਪੰਜਾਬਾ ਤੈਨੂੰ ਕੀ ਹੋ ਗਿਆ
ਨਸ਼ਿਆਂ ਦੀ ਤੂੰ ਗੂੜ੍ਹੀ ਨੀਦੇਂ, ਕਿਉਂ ਸੌਂ ਗਿਆ।

ਝੂਮਦਾ ਲਹਿਰਾਉਂਦਾ ਸੀ ਮੈਂ ਤੈਨੂੰ ਛੱਡਿਆ
ਪਿੱਛੋਂ ਗੰਦੇ-ਪਾਣੀ, ਨੱਕਾ ਕਿੰਨ੍ਹੇ ਵੱਢਿਆ
ਫਸਲੇ ਜਵਾਨੀ, ਝਾੜ ਥੋੜ੍ਹਾ ਹੋ ਗਿਆ
ਮੇਰਿਆ ਪੰਜਾਬਾ ਤੈਨੂੰ ਕੀ ਹੋ ਗਿਆ
ਨਸ਼ਿਆਂ ਦੀ ਤੂੰ ਗੂੜ੍ਹੀ ਨੀਦੇਂ, ਕਿਉਂ ਸੌਂ ਗਿਆ।

ਜਾਗ ਉੱਠ ਹਾਲੇ ਵੀ, ਉੱਧਮ ਕੁਝ ਕਰ
ਜਿੱਤੀ ਹੋਈ ਬਾਜ਼ੀ ਨਾ ਜਾਣ-ਬੁੱਝ ਹਰ
ਕੋਈ ਹੀਰਿਆਂ ਦੀ ਮਾਲਾ, ਕੌਡੀਆਂ ਪਰੋ ਗਿਆ
ਮੇਰਿਆ ਪੰਜਾਬਾ ਤੈਨੂੰ ਕੀ ਹੋ ਗਿਆ
ਨਸ਼ਿਆਂ ਦੀ ਤੂੰ ਗੂੜ੍ਹੀ ਨੀਦੇਂ, ਕਿਉਂ ਸੌਂ ਗਿਆ।

ਆਉਣ ਵਾਲੀਆਂ ਪੀੜ੍ਹੀਆਂ ਦੀ ਸ਼ਰਮ ਕਰ ਲੈ
ਐਸ਼, ਭੁੱਲਾਂ ਬਖਸ਼ਾ ਲੈ, ਰੱਬ ਕੋਲੋਂ ਡਰ ਲੈ
ਵੇਲਾ ਨਹੀਓਂ ਆਉਣਾ, ਜੇ ਕੁਵੇਲਾ ਹੋ ਗਿਆ
ਮੇਰਿਆ ਪੰਜਾਬਾ ਤੈਨੂੰ ਕੀ ਹੋ ਗਿਆ।
ਨਸ਼ਿਆਂ ਦੀ ਤੂੰ ਗੂੜ੍ਹੀ ਨੀਦੇਂ, ਕਿਉਂ ਸੌਂ ਗਿਆ



# ਪੰਜਾਬ ਸਰਕਾਰ ਵੱਲੋਂ ਸਮੁੱਚੇ ਪੰਜਾਬ ਵਿੱਚ ਥਾਂ-ਥਾਂ ਲਾਏ ਨਵੇਂ ਬੋਰਡਾਂ ਦੀ ਭਰਮਾਰ

## ਕੀ ਇੱਕ ਮੋਬਾਇਲ ਨੰਬਰ ਦੇਣ ਕਾਰਨ ਪੰਜਾਬ ਭ੍ਰਿਸ਼ਟਾਚਾਰ ਮੁਕਤ ਹੋ ਗਿਆ ?







ਬਲਬੀਰ ਸਿੰਘ ਬੱਬੀ

ਪੰਜਾਬ ਵਿੱਚ ਚੱਲ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਤਿੰਨ ਸਾਲ ਦਾ ਸਮਾਂ ਬੀਤ ਚੁੱਕਿਆ ਹੈ ਤਿੰਨ ਸਾਲ ਪਹਿਲਾਂ ਜਦੋਂ ਪੰਜਾਬ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਦਾ ਪ੍ਰਚਾਰ ਹੋ ਰਿਹਾ ਸੀ ਤਾਂ ਆਮ ਆਦਮੀ ਪਾਰਟੀ ਦੇ ਵੱਡੇ ਛੋਟੇ ਸਾਰੇ ਹੀ ਆਗੂਆਂ ਦੇ ਵੱਲੋਂ ਪੰਜਾਬ ਵਾਸੀਆਂ ਨੂੰ ਅਜਿਹੇ ਸੁਪਨੇ ਸਬਜ਼ਬਾਗ ਦਿਖਾਏ ਕਿ ਪੰਜਾਬ ਵਾਸੀ ਇਹਨਾਂ ਦੇ ਵਿੱਚ ਫਸ ਗਏ। ਫਸਣ ਦਾ ਕਾਰਨ ਵੀ ਇਹੀ ਸੀ ਕਿ ਪਿਛਲੀਆਂ ਸਰਕਾਰਾਂ ਜੋ ਪੰਜਾਬ ਵਿੱਚ ਅਕਾਲੀ ਕਾਂਗਰਸ ਭਾਜਪਾ ਬਣਦੀਆਂ ਰਹੀਆਂ ਉਹਨਾਂ ਦੇ ਕੰਮਾਂ ਕਾਰਾਂ ਤੋਂ ਲੋਕ ਅਜਿਹੇ ਦੁਖੀ ਸਨ ਜਿਸ ਨਾਲ ਉਹਨਾਂ ਨੇ ਬੜੇ ਚਾਅ ਦੇ ਨਾਲ ਆਮ ਆਦਮੀ ਪਾਰਟੀ ਜੋ ਨਵੇਂ ਰੂਪ ਵਿੱਚ ਆਈ ਉਸ ਨੂੰ ਵੱਡੇ ਬਹੁਮਤ ਦੇ ਨਾਲ ਜਤਾਇਆ ਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਜਦੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਖਟਕੜ ਕਲਾਂ ਵਿੱਚ ਜਾ ਕੇ ਆਪਣੀ ਸਰਕਾਰ ਦਾ ਸਹੁੰ ਚੁੱਕ ਸਮਾਗਮ ਕੀਤਾ ਤਾਂ ਲੋਕ ਖੁਸ਼ ਸਨ ਕਿ ਹੁਣ ਸੱਚ ਮੁੱਚ ਹੀ ਪੰਜਾਬ ਦੇ ਮਾੜੇ ਦਿਨ ਜਾਣ ਵਾਲੇ ਹਨ ਤੇ ਚੰਗੇ ਦਿਨ ਆਉਣ ਵਾਲੇ ਹਨ ਲੋਕਾਂ ਨੇ ਗੱਜ ਵੱਜ ਕੇ ਵੋਟਾਂ ਪਾਈਆਂ ਸਨ ਇਸ ਲਈ ਅਨੇਕਾਂ ਆਸਾਂ ਵੀ ਸਨ।

ਪਰ ਹੁਣ ਤੱਕ ਤਿੰਨ ਸਾਲ ਦੇ ਸਮੇਂ ਵਿੱਚ ਜੋ ਕੁਝ ਹੋਇਆ ਉਹ ਸਾਡੇ ਸਭ ਦੇ ਸਾਹਮਣੇ ਹੀ ਹੈ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਪਹਿਲੀ ਵਾਰ ਬਣੀ ਸਰਕਾਰ ਨੇ ਪਾਰਦਰਸ਼ੀ ਤਰੀਕੇ ਨਾਲ ਸਰਕਾਰ ਚਲਾਉਣ ਦੀਆਂ ਗੱਲਾਂ ਬਾਤਾਂ ਕੀਤੀਆਂ ਪੰਜਾਬ ਵਿੱਚ ਵੀ ਆਈ ਪੀ ਕਲਚਰ ਨੂੰ ਖਤਮ ਕਰਨਾ ਸਰਕਾਰੀ ਗੱਡੀਆਂ ਸਰਕਾਰੀ ਸੁਰੱਖਿਆ ਨਾ ਲੈਣ ਦੀਆਂ ਗੱਲਾਂ ਪੰਜਾਬ ਸਰਕਾਰ ਨਾਲ ਸੰਬੰਧਿਤ ਮੰਤਰੀ ਸਾਹਿਬਾਨਾਂ ਤੇ ਮੁੱਖ ਮੰਤਰੀ ਤੋਂ ਇਲਾਵਾ ਆਪ ਦੇ ਸੁਪਰੀਮੋ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੇ ਕੀਤੀਆਂ ਪਰ ਜੋ ਵੀ ਆਈ ਪੀ ਕਲਚਰ ਇਸ ਵੇਲੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਵੱਲੋਂ ਚਲਾਇਆ ਜਾ ਰਿਹਾ ਹੈ ਉਹ ਕਦੇ ਸੋਚਿਆ ਵੀ ਨਹੀਂ ਸੀ ਇੱਕ ਪਾਸੇ ਤਾਂ ਮੁੱਖ ਮੰਤਰੀ ਕਹਿ ਰਹੇ ਹਨ ਕਿ ਆਮ ਘਰ ਦਾ ਮੁੰਡਾ ਮੁੱਖ ਮੰਤਰੀ ਬਣਿਆ ਹੈ ਪਰ ਦੂਜੇ ਪਾਸੇ ਸੁਰੱਖਿਆ ਦਾ ਘੇਰਾ ਅਜਿਹਾ ਵਿਸ਼ਾਲ ਹੈ ਕਿ ਆਮ ਘਰ ਦੇ ਆਮ ਮੁੱਖ ਮੰਤਰੀ ਨੂੰ ਪੰਜਾਬ ਵਾਸੀ ਸੌਖਿਆਂ ਤਰੀਕੇ ਨਾਲ ਮਿਲ ਹੀ ਨਹੀਂ ਸਕਦੀ ਵੈਸੇ ਤਾਂ ਪੰਜਾਬ ਸਰਕਾਰ ਨੇ ਪਹਿਲੇ ਦਿਨ ਤੋਂ ਹੀ ਅਖਬਾਰ ਟੀ ਵੀ ਦੀ ਇਸ਼ਤਿਹਾਰਬਾਜ਼ੀ ਤੋਂ ਬਾਹਰ ਜਾਂਦਿਆਂ ਪੰਜਾਬ ਦੀਆਂ ਸਮੁੱਚੀਆਂ ਸੜਕਾਂ ਬੱਸਾਂ ਹਰ ਪਿੰਡਾਂ ਸ਼ਹਿਰਾਂ ਦੇ ਵਿੱਚ ਹੋਰ ਅਨੇਕਾਂ ਥਾਵਾਂ ਦੇ ਉੱਪਰ ਆਪਣੇ ਬੋਰਡ ਬੈਨਰ ਨਾਲ ਲਾ ਕੇ ਆਪਣੇ ਮਸਹੂਰੀ ਕੀਤੀ।

ਹੁਣ ਪਿਛਲੇ ਕੁਝ ਦਿਨਾਂ ਤੋਂ ਪੰਜਾਬ ਦੀ ਧਰਤੀ ਉੱਪਰ ਸਮੁੱਚੇ ਪੰਜਾਬ ਵਿੱਚ ਹੀ ਸਰਕਾਰੀ ਬੋਰਡਾਂ ਦੀ ਬਹੁਤ ਜਿਆਦਾ ਭਰਮਾਰ ਹੈ ਵੱਡੀਆਂ ਛੋਟੀਆਂ ਸੜਕਾਂ ਦੇ ਉੱਪਰ ਪੰਜਾਬ ਸਰਕਾਰ ਨਾਲ ਸੰਬੰਧਿਤ ਮੁੱਖ ਮੰਤਰੀ ਦੀ ਫੋਟੋ ਵਾਲੇ ਬੋਰਡ ਇਸ ਤਰ੍ਹਾਂ ਲੱਗੇ ਦਿਖਾਈ ਦਿੰਦੇ ਹਨ ਜਿਵੇਂ ਪਤਾ ਨਹੀਂ ਪੰਜਾਬ ਸਰਕਾਰ ਨੇ ਕਿਹੜਾ ਮਾਅਰਕਾ ਮਾਰ ਦਿੱਤਾ, ਇਹ ਬੋਰਡ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਦੇ ਸੰਬੰਧ ਵਿੱਚ ਹਨ ਪਰ ਕੀ ਜੋ ਕੁਝ ਬੋਰਡਾਂ ਦੇ ਉੱਪਰ ਦਿਖਾਇਆ ਗਿਆ ਹੈ ਅਸਲ ਵਿੱਚ ਉਹ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਹਨ ਕਿ ਇਸ ਤਰ੍ਹਾਂ ਸੱਚਮੁੱਚ ਹੀ ਪੰਜਾਬ ਵਿੱਚ ਹੋਇਆ ਹੈ ਇਸਦਾ ਉੱਤਰ ਹੈ ਬਿਲਕੁਲ ਹੀ ਨਹੀਂ।

ਚਲੋ ਆਪਾਂ ਬਾਕੀ ਗੱਲਾਂ ਨੂੰ ਛੱਡੀਏ ਤਾਂ ਪੰਜਾਬ ਸਰਕਾਰ ਨੇ ਦੋ ਕੁ ਸਾਲ ਪਹਿਲਾਂ ਭਰਿਸ਼ਟਾਚਾਰ ਨੂੰ ਖਤਮ ਕਰਨ ਦੇ ਲਈ ਵਿਸ਼ੇਸ਼ ਨੰਬਰ ਮੁੱਖ ਮੰਤਰੀ ਵੱਲੋਂ ਜਾਰੀ ਕੀਤਾ ਗਿਆ ਸੀ ਜਿਸ ਦੇ ਉੱਪਰ ਪੰਜਾਬ ਦੇ ਲੋਕਾਂ ਨੇ ਧੜਾ ਧੜ ਸ਼ਿਕਾਇਤਾਂ ਦਰਜ ਕਰਵਾ ਦਿੱਤੀਆਂ ਰੋਜਾਨਾ ਸ਼ਿਕਾਇਤਾਂ ਹੁਣ ਤੱਕ ਜਾ ਰਹੀਆਂ ਹਨ ਪਰ ਇਸ ਸਬੰਧ ਵਿੱਚ ਪੰਜਾਬ ਸਰਕਾਰ ਵੱਲੋਂ ਜੋ ਹੁਣ ਬੋਰਡ ਲਗਾਏ ਜਾ ਰਹੇ ਹਨ ਉਹਨਾਂ ਉੱਪਰ ਲਿਖਿਆ ਹੈ ਕਿ 724 ਭ੍ਰਿਸ਼ਟਾਚਾਰ ਨਾਲ ਸੰਬੰਧਿਤ ਵਿਅਕਤੀਆਂ ਦੇ ਵਿਰੁੱਧ ਕਾਰਵਾਈ ਹੋਈ ਕਿ ਇੰਨੇ ਕੁ ਵਿਅਕਤੀਆਂ ਦੇ ਉੱਤੇ ਕਾਰਵਾਈ ਹੋਣ ਦੇ ਨਾਲ ਪੰਜਾਬ ਭਰਿਸ਼ਟਾਚਾਰ ਮੁਕਤ ਹੋ ਗਿਆ ਹੈ। ਇਹ ਸਭ ਦੇ ਸਾਹਮਣੇ ਹੀ ਹੈ ਇਸ ਤਰਾਂ ਭ੍ਰਿਸ਼ਟਾਚਾਰ ਚਾਰ ਖਤਮ ਨਹੀਂ ਹੋਇਆ ਭਰਿਸ਼ਟਾਚਾਰ ਦੇ ਤਰੀਕੇ ਬਦਲ ਗਏ ਹਨ ਭਰਿਸ਼ਟਾਚਾਰ ਦਾ ਲੈਣ ਦੇਣ ਬਦਲ ਗਿਆ ਹੈ ਜਾਂ ਕਹਿ ਲਈਏ ਕਿ ਭਰਿਸ਼ਟਾਚਾਰ ਦੀ ਫੀਸ ਵੱਧ ਗਈ। ਹੁਣ ਇੱਥੇ ਸਵਾਲ ਵੀ ਉਠਦਾ ਹੈ ਕਿ ਇਸ ਤਰਾਂ ਲੋਕਾਂ ਦੇ ਪੈਸੇ ਟੈਕਸ ਵੱਲੋਂ ਦਿੱਤੇ ਜਾ ਰਹੇ ਪੈਸੇ ਨੂੰ ਨਜਾਇਜ਼ ਤਰੀਕੇ ਨਾਲ ਮਸ਼ਹੂਰੀਆਂ ਉੱਪਰ ਲਾਉਣਾ ਕਿੱਧਰ ਦੀ ਸਿਆਣਪ ਹੈ। ਪੰਜਾਬ ਵਿੱਚ ਨਸ਼ੇ ਹੋਣ ਦੀ ਸਥਿਤੀ ਵਿਕਾਸ ਕਾਰਜਾਂ ਵੱਲ ਬਿਲਕੁਲ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ ਸਿਰਫ਼ ਫੋਕੀਆਂ ਮਸ਼ਹੂਰੀਆਂ ਵਾਲੇ ਬੋਰਡ ਲਗਾ ਕੇ ਜਨਤਾ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ ਹੁਣ ਲੋਕ ਹੋਰ ਗੁੰਮਰਾਹ ਨਹੀਂ ਹੋਣਗੇ।

7009107300




# ਰਜਨੀ ਪੰਜਾਬੀ ਮੂਵੀ

ਰਜਨੀ ਖ਼ੂਬਸੂਰਤ ਫਿਲਮ ਬਣਾਈ ਗਈ ਹੈ ਜੋ ਲੋਕਾਂ ਵੱਲੋਂ ਵੀ ਕਾਫੀ ਪਸੰਦ ਕੀਤੀ ਜਾ ਰਹੀ ਹੈ, ਪੂਰਾ ਹਾਲ ਭਰਿਆ ਹੋਇਆ ਸੀ ਦੂਜੇ ਹਫਤੇ 'ਚ ਵੀ ਜਦੋਂ ਇਹ ਫਿਲਮ ਦੇਖੀ ਇਸੇ ਕਹਾਣੀ ਨੂੰ ਲੈ ਕੇ ਬਣੀ ਪੁਰਾਣੀ ਫਿਲਮ (ਦੁੱਖ ਭੰਜਨ ਤੇਰਾ ਨਾਮ) ਵੀ ਕਾਫੀ ਕਾਮਯਾਬ ਰਹੀ ਸੀ, ਸੋ ਓਹੀ ਜਲਵਾ ਬਰਕਰਾਰ ਰੱਖਣ 'ਚ ਕਾਮਯਾਬ ਰਹੀ ਸਾਰੀ ਫਿਲਮ 'ਚ ਯੋਗਰਾਜ ਛਾਇਆ ਹੋਇਆ ਹੈ, ਇਹ ਉਸਦੇ ਫ਼ਿਲਮੀ ਜੀਵਨ ਦੀ ਯਾਦਗਾਰੀ ਫਿਲਮ ਬਣੇਗੀ, ਬਾਕੀ ਕਲਾਕਾਰਾਂ ਦੇ ਰੋਲ ਵੀ ਚੰਗੇ ਹਨ ਖਾਸ ਕਰ ਹੀਰੋਇਨ ਰੂਪੀ ਗਿੱਲ ਤੇ ਹੋਰ ਸਪੋਰਟਿੰਗ ਐਕਟਰ ਦੋ ਚਾਰ ਸੀਨ ਅਟਪਟੇ ਲੱਗੇ, ਇਕ ਸੀਨ ਜਿਸ 'ਚ ਸੁਨੀਤਾ ਧੀਰ ਨੂੰ ਕੋੜੇ ਮਾਰ ਰਿਹਾ ਕਲਾਕਾਰ, ਬੇਦਰਦੀ ਨਾਲ ਕੁੱਟ ਮਾਰਨ ਤੋਂ ਬਾਅਦ ਜੋ ਸੰਵਾਦ ਬੋਲਦਾ ਹੈ ਉਹ ਕਿਸੇ ਕਰੂਰ ਕਰੈਕਟਰ ਦੇ ਮੂੰਹੋਂ ਬਿਲਕੁਲ ਨੀ ਜੱਚਦਾ ਜਦੋਂ ਓਹ ਕਹਿੰਦਾ ਹੈ ਕਿ ਇਹ ਤਾਂ ਸਵਾਸ ਤਿਆਗ ਗਏ, ਇਹ ਬੜੀ ਖਾਮੀ ਲੱਗੀ ਕਿ ਮਾਰਨ ਬਾਅਦ ਇਕਦਮ ਹੀ ਉਸਨੂੰ ਸੰਤਣੀ ਸਮਝ ਕੇ ਡਾਈਲੌਗ ਬੋਲ ਰਿਹਾ ਹੈ।

ਵਾਹਿਗੁਰੂ ਸ਼ਬਦ ਜਿੱਥੇ ਬੋਲਿਆ ਜਾਂਦਾ ਹੈ ਸਮੇਂ ਅਨੁਸਾਰ ਨਹੀਂ ਲੱਗਿਆ ਕਿ ਉਦੋਂ ਇਹ ਸ਼ਬਦ ਪ੍ਰਚੱਲਿਤ ਹੋਊ ਫਿਲਮ ਦੀ ਕਹਾਣੀ ਮਾੜੀ ਨਹੀਂ ਜਿਵੇਂ ਧੁੰਦਾ ਤੇ ਗੁਰਦੇਵ ਸਿੰਘ ਸੱਧੇਵਾਲੀਆ ਬਿਆਨ ਕਰ ਰਹੇ ਸਨ, ਕਹਾਣੀ ਕਲਪਿਤ ਹੈ ਕਿ ਅਸਲੀ ਇਸਨੂੰ ਛੱਡ ਦਿਓ।

ਮੰਨ ਲਵੋ ਕਲਪਿਤ ਹੀ ਹੋਵੇ, ਗੱਲ ਇਹ ਕਿ ਲੇਖਕ ਦਿਖਾਉਣਾ ਕੀ ਚਾਹੁੰਦਾ ਹੈ ਕਹਾਣੀ ਰਾਹੀਂ ? ਇਹ ਸਮਝਣ ਦੀ ਲੋੜ ਹੈ। ਕਹਾਣੀ ਅਸਲ 'ਚ ਆਸਤਿਕ ਤੇ ਨਾਸਤਿਕ ਮਨੁੱਖ ਦਾ ਦਵੰਧ ਹੈ, ਉਹਨਾਂ ਦੀ ਟੱਕਰ ਹੈ।

ਨਾਸਤਿਕ ਕੋਈ ਵੀ ਹੋ ਸਕਦੈ ਕਿਤੇ ਵੀ ,ਓਹ ਆਸਤਿਕ ਦੇ ਘਰ ਚ ਉਸਦਾ ਸਕਾ ਕੋਈ ਰਿਸ਼ਤੇਦਾਰ ਵੀ ਹੋ ਸਕਦੈ,ਪਿਓ ਵੀ ਹੋ ਸਕਦੈ।

ਲੇਖਕ ਆਸਤਿਕ ਦੇ ਵਿਸ਼ਵਾਸ਼ ਦੀ ਜਿੱਤ ਦਿਖਾਉਂਦਾ ਹੈ ਆਖ਼ਰ ਤੇ

ਇਸ 'ਚ ਮਾੜਾ ਕੀ ਹੈ ?

ਜਿਹੜੇ ਕਾਂ ਦੀ ਗੱਲ ਕਰਕੇ ਧੁੰਦਾ ਪੁੱਛਦਾ ਹੈ ਕਿ ਹੁਣ ਕਾਂ ਚਿੱਟੇ ਕਿਉਂ ਨੀ ਹੁੰਦੇ ? ਹਾਸੋਹੀਣਾ ਪ੍ਰਸ਼ਨ ਹੈ।

ਇਹ ਇੱਕ ਕਹਾਣੀ ਹੈ ਤੇ ਚਿੱਟੇ ਕਾਂ /ਕਾਲੇ ਕਾਂ ਇੱਕ ਖ਼ਿਆਲ ਹੈ।

ਕੋਹੜੀ ਨੂੰ ਸੁਪਨਾ ਆਉਂਦਾ ਹੈ ਕਿ ਇੱਕ ਅਜੇਹਾ ਥਾਂ ਹੈ ਸੋਮਾ ਹੈ ਪਾਣੀ ਦਾ, ਛੱਪੜੀ ਹੈ ਜਿੱਥੇ ਕਾਲੇ ਡੁੱਬਕੀ ਲਾ ਕੇ ਚਿੱਟੇ ਬਣ ਜਾਂਦੇ ਹਨ। ਜੋ ਰੋਗੀ ਮਨੁੱਖ ਹੁੰਦਾ ਉਸਨੂੰ ਅਜੇਹੇ ਖ਼ਿਆਲ ਆਉਂਦੇ ਹੀ ਰਹਿੰਦੇ ਹਨ ਕਿ ਉਸਨੂੰ ਕਿਵੇਂ ਵੀ ਤੰਦਰੁਸਤੀ ਮਿਲੇ। ਅੱਜ ਕੱਲ ਅਧੁਨਿਕ ਦੌਰ 'ਚ ਡੇਜਾ ਵਿਊ ਸ਼ਬਦ ਪ੍ਰਚੱਲਿਤ ਹੈ, ਕਿ ਮਨੁੱਖ ਨੂੰ ਮਹਿਸੂਸ ਹੋਣਾ ਕਿ ਜੋ ਥਾਂ ਓਹ ਦੇਖ ਰਿਹਾ ਹੈ ਉਸਨੇ ਪਹਿਲਾਂ ਵੀ ਕਿਤੇ ਦੇਖੀ ਹੈ, ਇਵੇਂ ਹੀ ਕੋਹੜੀ ਨੂੰ ਮਹਿਸੂਸ ਹੁੰਦਾ ਜਦੋਂ ਓਹ ਛੱਪੜੀ ਕੋਲ ਪਹੁੰਚਦਾ ਹੈ।

ਰੋਗ ਨਿਵਾਰਨ ਵਿਸ਼ਵਾਸ਼ ਦੀ ਸ਼ਕਤੀ ਦਾ ਨਤੀਜਾ ਹੈ।

ਗੁਰਬਾਣੀ ਇਸਤੇ ਮੋਹਰ ਲਾਉਂਦੀ ਹੈ ਕਿ ਜੋ ਪਰਮਾਤਮਾ ਦੇ ਨਾਮ ਤੇ ਵਿਸ਼ਵਾਸ਼ ਰੱਖਦਾ ਹੈ ਭਰੋਸਾ ਰੱਖਦਾ ਹੈ ਉਸਦੇ ਦੁੱਖ ਰੋਗ ਕੱਟੇ ਜਾਂਦੇ ਹਨ ,ਇਹ ਕਹਾਣੀ ਉਸੇ ਵਿਸ਼ਵਾਸ਼ ਦਾ ਹੀ ਪ੍ਰਗਟਾਵਾ ਕਰਦੀ ਹੈ ,ਬੀਬੀ ਰਜਨੀ ਤੇ ਇਸਦਾ ਪਤੀ ਕੋਈ ਅਚਾਨਕ ਉੱਥੇ ਨਹੀਂ ਪਹੁੰਚਦੇ।

ਇਹ ਕਹਾਣੀ ਦਾ ਕਲਾਈਮੈਕਸ ਹੈ।

ਅਸੀਂ ਅੰਤ ਤੇ ਚਰਚਾ ਕਰਦੇ ਹਾਂ ਸਿਰਫ ਪਰ ਰਜਨੀ ਇੱਕ ਵਿਸ਼ਵਾਸ਼ ਲੈ ਕੇ ਚੱਲਦੀ ਹੈ ਕਿ ਉਸਦੇ ਪਤੀ ਦਾ ਰੋਗ ਕੱਟਿਆ ਜਾਵੇਗਾ ਤੇ ਉਹ ਹੋ ਜਾਂਦਾ ਹੈ।

ਇਹ ਉਸਦੇ ਵਿਸ਼ਵਾਸ਼ ਤੇ ਸਿਦਕ ਦਾ ਪ੍ਰਗਟਾਵਾ ਕਰਦੀ ਖ਼ੂਬਸੂਰਤ ਕਹਾਣੀ ਹੈ।

ਗੁਰਦੇਵ ਸਿੰਘ ਸੱਧੇਵਾਲੀਆ ਇਸਨੂੰ ਬ੍ਰਾਹਮਣੀ ਕਹਾਣੀ ਦੱਸਦਾ ਹੈ ਪੰਚਤੰਤਰ ਦੀ ਕਹਾਣੀ ਨਾਲ ਮੇਲ ਕੇ। ਪੰਚਤੰਤਰ ਦੀਆਂ ਕਹਾਣੀਆਂ ਵੀ ਚੰਗੀਆਂ ਹਨ।

ਜੇ ਇਵੇਂ ਵੀ ਹੋਵੇ ਕਿ ਬੁਰਾਈ ਹੈ।

ਗੱਲ ਇਹ ਦੇਖਣੀ ਹੁੰਦੀ ਕਿ ਕਹਾਣੀ ਦਾ ਸੰਦੇਸ਼ ਕੀ ਹੈ।

ਸੰਦੇਸ਼ ਵਿਸ਼ਵਾਸ਼ ਦੀ ਜਿੱਤ ਹੈ।

ਧੁੰਦਾ ਤਾਂ ਰੰਗ ਨੂੰ ਲੈ ਕੇ ਬਹਿ ਗਿਆ।

ਕੀ ਕਥਾਕਾਰ ਨੂੰ ਪਤਾ ਨਹੀਂ ਕਿ ਕਾਂ ਤੇ ਹੰਸ ਕਿਸ ਗੱਲ ਦੇ ਪ੍ਰਤੀਕ ਹਨ

ਗੱਲ ਪਾਣੀ ਦੀ ਨਹੀਂ ਬਾਣੀ ਦੀ ਹੈ

ਬਾਣੀ ਕਾਯਾਪਲਟ ਕਰਦੀ ਹੈ ਜੋ ਕਿ ਨਾਮ ਹੈ ਪਰਮੇਸ਼ਰ ਦਾ

ਗੁਰਬਾਣੀ ਨਾਮ ਦੁਆਰਾ ਰੋਗ ਨਵਿਰਤੀ ਹੋਣ ਦੀ ਗੱਲ ਕਰਦੀ ਹੈ

ਧੁੰਦਾ ਇਹ ਗੱਲ ਕਿਉਂ ਨਹੀਂ ਦੱਸਦਾ

ਕਹਾਣੀ ਪਰਮਾਤਮਾ ਦੇ ਨਾਮ ਤੇ ਵਿਸ਼ਵਾਸ਼ ਰੱਖਣ ਦਾ ਸਿੱਟਾ ਦਿਖਾਉਂਦੀ ਹੈ।

ਕਹਾਣੀਆਂ ਇਵੇਂ ਹੀ ਹੁੰਦੀਆਂ ਹਨ।

ਕਹਾਣੀ ਦਾ ਤੱਤ ਸਮਝਣ ਦੀ ਲੋੜ ਹੁੰਦੀ ਹੈ।

-ਗੁਰਸੇਵਕ ਸਿੰਘ ਚਹਿਲ

# ਹਾਸ ਵਿਅੰਗ ਕਹਾਣੀ

" ਆਰਸ਼ੀ ਕੰਗਣ "

ਹਾਏ ਓ ਮੇਰਿਆ ਰੱਬਾ! ਕਮਾਲ ਹੋ ਗਈ ! ਆਹ ਕੀ ਦਿਨ ਚੱੜਿਆ ਨੀ ! ਚੁੱਕ ਲਿਆ " ਆਰਸ਼ੀ ਕੰਗਣ " (ਫੋਨ) ਨਾ ਮੂੰਹ ਧੋਤਾ। ਨਾ ਹੱਥ ਧੋਤੇ। ਪੁੱਛੋ ਭਲਾ ਇਹ ਕਿਤੇ ਭੱਜ ਚੱਲਿਆ ਸੀ। ਸਾਰੀ ਰਾਤ ਟੰਨ ਟੰਨ ..ਸੌਣ ਨੀ ਦਿੰਦਾ ..ਮੈਂ ਹੱਥ ਵਿਚ ਫੋਨ ਫੜੀਂ ਜਿਵੇਂ ਕਚਿਹਰੀ ਵਿਚ ਵਕੀਲ ਫਾਈਲ ਫੱੜਕੇ ਖੜਾ ਹੋਵੇ। ਮੈਂ ਰੰਗੇ ਹੱਥੀਂ ਫੱੜੇ ਮੁਲਜਮ ਵਾਂਗ ਪੱਥਰ ਹੋ ਗਿਆ। ਮੇਰੀ ਜੀਭ ਬੁੱਲਾਂ ਵਿਚ ਫੱਸ ਗਈ। ਮੇਰੀ ਘਰ ਵਾਲੀ ਦੇ ਮਿੱਠੇ ਤੇ ਮਖੀਲੇ ਬੋਲ ਮੇਰੇ ਕੰਨਾਂ ਵਿਚ ਕੌੜੀ ਮਿਸ਼ਰੀ ਘੋਲ ਰਹੇ ਸਨ।



ਸਾਹ ਲੈ ਕੇ ਹੁਣ ਘਰ ਵਾਲੀ ਨੇ ਤੱਵੇ ਦੇ ਦੂਜੇ ਪਾਸੇ ਤੇ ਸੂਈ ਰੱਖ ਦਿਤੀ ਸੀ। ਤੱਵਾ ਬੋਲਣਾ ਸੁਰੂ ਹੋਇਆ ਸਰਦਾਰ ਜੀ ਓਹ ਮੇਜ ਤੇ ਪਈ ਚਾਹ ਹਾਕਾਂਮਾਰਦੀ ਏ। ਜਾਓ ਕ੍ਰਿਪਾ ਕਰੋ । ਪੀ ਲਓ ਕਿਤੇ ਠੰਡੀ ਨਾ ਹੋ ਜਾਵੇ। ਇਹ "ਆਰਸ਼ੀ ਕੰਗਣ "(ਫੋਨ)ਕੋਲ੍ਹੋ ਰੱਖ ਲਿਓ। ਧਰਵਾਸ ਰਹੂਗਾ। ਅੱਜ ਐਤਵਾਰ ਹੈ ਮੈਂ ਕੇਸ਼ੀ ਨਹਾਕੇ ਆਈ ਫਿਰ ਨਾਸ਼ਤਾ ਤਿਆਰ ਕਰਾਂਗੀ।

ਨਹਾਉਣ ਦਾ ਨਾਂ ਸੁਣਕੇ ਮੈਂ ਖੁਸ਼ ਹੋਇਆ !ਸੋਚਿਆ ਜਿੰਨੀ ਦੇਰ ਨਹਾਊ ਮੈਂ ਫੋਨ ਦੀਆਂ ਚਿੱਰੜ ਭੂੰਡੀਆਂ ਕੱਢ ਦਿਊਂ। ਉਸਦੇ ਬਾਥਰੂਮ ਅੰਦਰ ਜਾਣ ਤੇ ਮੈਂ ਫੋਨ ਖੋਲਕੇ ਵੇਖਣ ਲੱਗ ਪਿਆ। ਡੇਢ ਦੋ ਸੌ ਪੋਸਟਾਂ ਪੱੜ੍ਹੀਆਂ ਵੇਖੀਆਂ ਤੇ "ਪ੍ਰੀਤ ਲੜੀ" ਬੱਣਕੇ ਜਵਾਬ ਲਿਖਣ ਲੱਗ ਪਿਆ। ਬਸ ਮੱਸਤ ਹੋ ਕੇ ਫੋਨ ਦੀ ਘੁੰਮਣਘੇਰੀ ਵਿਚ ਉਲਝ ਗਿਆ। ਸਮੇਂ ਬਾਰੇ ਉੱਕਾ ਹੀ ਭੁਲ ਗਿਆ।

ਅਚਾਨਕ ਮੇਰੇ ਪਿਛੋਂ ਅਵਾਜ ਆਈ ਸ਼ਾਬਾਸ। ਮੇਰੇ ਲਿਖਾਰੀ ਸਾਹਬ !ਅਤੇ ਹੁਣ ਮਿਰਜੇ ਦੀ ਕਲ੍ਹੀ ਵਾਲਾ ਤੱਵਾ ਸੁਰੂ ਹੋ ਗਿਆ। ਮੈਂ ਇਕ ਦੱਮ ਠਠੰਬਰ ਕੇ ਕੰਧ ਬੱਣ ਗਿਆ !ਹੁਣ ਮੇਰੇ ਕੋਲ ਕੋਈ ਜਵਾਬ ਨਹੀਂ ਸੀ। ਮੇਰੇ ਖਿਲਾਫ ਸਾਰੇ ਸਬੂਤ ਇੱਕਠੇ ਹੋ ਗਏ ਸਨ। ਘਰ ਵਾਲੀ ਬੋਲੀ ਮੇਰੀ ਕਿਸਮਤ ਮਾੜੀ ! ਮੈਂ ਬੋਲ ਬੋਲ ਥੱਕ ਗਈ। ਅੱਖਾਂ ਦੀ ਨਿਗ੍ਹਾ ਜਾਂਦੀ ਲੱਗੂ !ਕੋਈ ਮਾਨਸਿਕ ਰੋਗ ਲੱਗ ਜਾਊ। ਡਾਕਟਰ ਮਹੀਨਾ 2 ਵਾਰੀ ਨੀ ਦਿੰਦੇ !ਕਿਸੇ ਨੇ ਦਵਾਈ ਨੀ ਦੇਣੀ ਫੇਰ ਚੱਟ ਲਿਆ ਕਰੀਂ ਆਪਦੇ ਇਸ "ਆਰਸ਼ੀ ਕੰਗਣ "(ਫੋਨ) ਨੂੰ। ਵੀਹ ਸਾਲ ਪੜ੍ਹਾਈ ਕਰਲੀ ਤੀਹ ਸਾਲ ਸਰਕਾਰ ਦੀ ਕੁਰਸੀ ਤੋੜਲੀ !ਉਥੇ ਨਾ ਲਿਖਿਆ ਗਿਆ। ਨਾ ਗਿਆਨ ਮਿਲਿਆ। ਹਰ ਰੋਜ ਉਥੇ ਮਹਿਫਿਲ ਵਿਚ ਕੁੱਕੜ ਸ਼ਰਾਬੀ ਹੋ ਜਾਂਦੇ ਸਨ।

ਹੁਣ ਮੈਂ ਗ੍ਰਹਿਸਤ ਦੀ ਅਦਾਲਤ ਵਿਚ"ਆਰਸ਼ੀ ਕੰਗਣ " (ਫੋਨ) ਹੱਥਾਂ ਵਿਚ ਫੱੜਕੇ ਖੜਾ ਸਜਾ ਦੀ ਉਡੀਕ ਕਰ ਰਿਹਾ ਸੀ। ਅੱਖਾਂ ਵਿਚੋਂ ਡਿਗਦੇ ਹੰਝੂ ਬੱਲਦੀ ਮੋਮਬੱਤੀ ਵਾਂਗ ਡਿੱਗ ਡਿੱਗਕੇ ਖੁਰੀ ਜਾ ਰਿਹਾ ਸੀ। ਅਚਾਨਕ। ਫੈਸਲਾ ਦਾ ਹੁਕਮ ਹੋਇਆ" ਤਮਾਮ ਸਬੂਤਾਂ ਦੇ ਅਧਾਰ ਤੇ ਅਦਾਲਤ ਹੁੱਕਮ ਦਿੰਦੀ ਹੈ ਕਿ ਮੁਲਜਮ ਇਕ ਘੰਟਾ ਹੀ ਇਸ "ਆਰਸ਼ੀ ਕੰਗਣ " ਦੀ ਪੂਜਾ ਕਰ ਸੱਕਦਾ ਹੈ।

ਗੁਰਮੇਲ ਘੁਮਾਣ "
91 95018 48436

## ਜੱਗ ਜੇਤੂਆਂ ਦੀ ਗਾਥਾ

# ਦੁਨੀਆ ਦਾ ਸਭ ਤੋਂ ਤਕੜਾ ਬੰਦਾ ਲਾਸ਼ਾ ਤਲਖਾਡਜ਼ੇ



ਪ੍ਰਿੰਸੀਪਲ ਸਰਵਣ ਸਿੰਘ

ਸਭ ਤੋਂ ਵੱਧ ਵਜ਼ਨ ਦਾ ਬਾਲਾ ਕੱਢਣ ਵਾਲੇ ਵੇਟਲਿਫਟਰ ਨੂੰ ਖੇਡ ਜਗਤ ਦਾ ਸਭ ਤੋਂ ਤਕੜਾ ਬੰਦਾ ਕਿਹਾ ਜਾਂਦੈ। 2021 ਤੋਂ ਜਾਰਜੀਆ ਦਾ ਲਾਸ਼ਾ ਤਲਖਾਡਜ਼ੇ ਵਿਸ਼ਵ ਦਾ ਸਭ ਤੋਂ ਤਕੜਾ ਬੰਦਾ ਮੰਨਿਆ ਜਾ ਰਿਹੈ। ਉਹ ਦੋ ਵਾਰ ਓਲੰਪਿਕ ਚੈਂਪੀਅਨ ਬਣਿਆ, ਸੱਤ ਵਾਰ ਯੌਰਪੀਨ ਚੈਂਪੀਅਨ ਤੇ ਸੱਤ ਵਾਰ ਹੀ ਵਰਲਡ ਚੈਂਪੀਅਨ। ਉਸ ਨੇ 225 ਕਿਲੋ ਦੀ ਸਨੈਚ ਤੇ 267 ਕਿਲੋ ਦੀ ਜਰਕ ਲਾਈ ਹੈ, ਜਿਨ੍ਹਾਂ ਦਾ ਕੁਲ ਵਜ਼ਨ 492 ਕਿਲੋਗਰਾਮ ਬਣਦਾ ਹੈ। ਤਿੰਨੇ ਵਜ਼ਨ 225 ਕਿਲੋ, 267 ਤੇ 492 ਕਿਲੋ ਨਵੇਂ ਵਿਸ਼ਵ ਰਿਕਾਰਡ ਹਨ। ਅਧਿਕਾਰਿਤ ਤੌਰ 'ਤੇ 26 ਵਿਸ਼ਵ ਰਿਕਾਰਡ ਲਾਸ਼ਾ ਦੇ ਨਾਂ ਬੋਲਦੇ ਹਨ। ਅਜੇ ਉਹ 30ਵੇਂ ਸਾਲ 'ਚ ਹੈ ਤੇ ਸਰਗਰਮ ਵੇਟਲਿਫਟਰ ਹੈ।

ਸਵਾਲ ਪੈਦਾ ਹੁੰਦੈ ਕਿ ਅਰਬਾਂ ਖਰਬਾਂ ਬੰਦਿਆਂ 'ਚੋਂ ਸਭ ਤੋਂ ਸ਼ਕਤੀਸ਼ਾਲੀ ਬੰਦਾ ਹੈ ਕਿਹੋ ਜਿਹਾ? ਉਸ ਦਾ ਆਪਣਾ ਕੱਦ-ਕਾਠ ਤੇ ਵਜ਼ਨ ਕਿੰਨਾ ਹੈ? ਕੀ ਉਸ ਨੂੰ ਭਾਰ ਚੁੱਕਦੇ ਨੂੰ ਵੇਖਿਆ ਜਾ ਸਕਦੈ? ਹਾਂ, ਵੇਖਿਆ ਜਾ ਸਕਦੈ। ਅਜੋਕੇ ਦੌਰ ਵਿਚ ਵੀਡੀਓਜ਼ ਰਾਹੀਂ ਬਹੁਤ ਕੁਝ ਰਿਕਾਰਡ ਕੀਤਾ ਗਿਐ ਤੇ ਕੀਤਾ ਜਾ ਰਿਹੈ। ਲਾਸ਼ਾ ਨੂੰ ਊਠ ਦੇ ਲੱਦ ਜਿੰਨਾ ਭਾਰ ਚੁੱਕਦਿਆਂ ਯੂ ਟਿਊਬ ਤੋਂ ਕਦੇ ਵੀ ਵੇਖਿਆ ਜਾ ਸਕਦੈ।

ਲਾਸ਼ਾ ਦਾ ਜਨਮ ਛੋਟੇ ਜਿਹੇ ਮੁਲਕ ਜਾਰਜੀਆ ਦੇ ਨਗਰ ਸੱਚਖੇਰੇ ਵਿਚ 2 ਅਕਤੂਬਰ 1993 ਨੂੰ ਹੋਇਆ ਸੀ। ਇਸ ਸਮੇਂ ਉਸ ਦਾ ਜੁੱਸਾ 183 ਕਿਲੋ ਦਾ ਹੈ। ਉਹਦਾ ਕੱਦ ਵੀ ਸਾਢੇ ਛੇ ਫੁੱਟ ਯਾਨੀ 1.97 ਮੀਟਰ ਹੈ। ਰੰਗ ਗੋਰਾ ਨਿਸ਼ੋਹ, ਦਾੜ੍ਹੀ ਕਾਲੀ ਕਤਰਵੀਂ, ਢਿੱਡ ਗੋਲ ਅਤੇ ਡੌਲੇ ਤੇ ਪੱਟ ਮੂੰਗਲੀਆਂ ਤੇ ਮੁਗਦਰਾਂ ਵਰਗੇ ਹਨ। ਵੇਖਣ ਨੂੰ ਦਿਉ ਲੱਗਦਾ ਹੈ।

ਭਾਰ ਚੁੱਕਣ ਦੇ ਤਿੰਨ ਤਰ੍ਹਾਂ ਦੇ ਰਿਕਾਰਡ ਹੁੰਦੇ ਹਨ। ਸਨੈਚ, ਕਲੀਨ ਐਂਡ ਜਰਕ ਅਤੇ ਕੁਲ ਭਾਰ। ਸਨੈਚ ਦਾ ਭਾਵ ਭਾਰ ਚੁੱਕਣ ਵਾਲੀ ਬਾਰ ਨੂੰ ਹੱਥ ਪਾ ਕੇ ਬਾਹਾਂ ਉਤਾਂਹ ਖੜ੍ਹੇ ਕਰਦਿਆਂ ਉੱਠ ਖੜ੍ਹਨਾ ਹੈ। ਇਹਦੇ ਲਈ ਬੜੇ ਤਕਨੀਕੀ ਅਭਿਆਸ ਦੀ ਲੋੜ ਹੁੰਦੀ ਹੈ। ਕਲੀਨ ਐਂਡ ਜਰਕ ਦਾ ਭਾਵ ਭਾਰ ਵਾਲੀ ਬਾਰ ਧਰਤੀ ਤੋਂ ਚੁੱਕ ਕੇ ਛਾਤੀ ਤਕ ਲਿਜਾਣਾ ਤੇ ਫਿਰ ਹੁਝਕਾ ਮਾਰ ਕੇ ਬਾਹਾਂ ਉਤੇ ਤੋਲਣਾ ਹੈ। ਦੇਸੀ ਬੋਲੀ ਵਿਚ ਇਸ ਨੂੰ 'ਬਾਲਾ ਕੱਢਣਾ' ਕਿਹਾ ਜਾਂਦਾ ਹੈ।

ਮੇਰੇ ਬਚਪਨ ਵਿਚ ਸਾਡੇ ਪਿੰਡ ਦੇ ਚੋਬਰ ਅਹਿਰਨਾਂ, ਪੱਥਰਾਂ, ਬੋਰੀਆਂ ਤੇ ਮੁਗਦਰਾਂ ਦੇ ਬਾਲੇ ਕੱਢਦੇ ਸਨ। ਉਹ ਹੌਲੀਆਂ ਤੇ ਭਾਰੀਆਂ ਮੁੰਗਲੀਆਂ ਫੇਰਦੇ। ਸਾਡੇ ਘਰ ਕੋਲ ਹੀ ਸੇਪੀ ਕਰਨ ਵਾਲੇ ਕਾਰੀਗਰ ਦਾ ਅੱਡਾ ਸੀ। ਉਹਦੇ ਅੱਡੇ ਮੂਹਰੇ ਖੁੱਲ੍ਹੀ ਥਾਂ ਪਈ ਹੁੰਦੀ ਸੀ। ਜਦੋਂ ਚੌਆਂ ਦੇ ਫਾਲ਼ੇ ਚੰਡਣ ਵਾਲੀ ਅਹਿਰਨ ਵਿਹਲੀ ਹੁੰਦੀ ਤਾਂ ਪਿੰਡ ਦੇ ਚੋਬਰ ਉਸ ਅਹਿਰਨ ਦੇ ਬਾਲੇ ਕੱਢਣ ਦੀ ਜ਼ੋਰ ਅਜ਼ਮਾਈ ਕਰਦੇ। ਅਹਿਰਨ ਦਾ ਭਾਰ ਦੋ ਮਣ ਸੀ ਯਾਨੀ 75 ਕਿਲੋਗਰਾਮ। ਮਚਾਕ ਘੱਟ ਵਜ਼ਨਾਂ ਦੇ ਸਨ ਜਿਨ੍ਹਾਂ ਨੂੰ ਮੁੰਡੇ ਖੁੰਡੇ ਚੁੱਕਦੇ। ਉਦੋਂ 75 ਕਿਲੋ ਦੀ ਅਹਿਰਨ ਦਾ ਬਾਲਾ ਕੋਈ ਕੋਈ ਜੁਆਨ ਹੀ ਕੱਢਦਾ ਸੀ। ਚੌਰਸ ਅਹਿਰਨ ਨੂੰ ਪਹਿਲਾਂ ਪੱਟਾਂ ਉਤੇ, ਫਿਰ ਛਾਤੀ 'ਤੇ ਲਿਜਾਇਆ ਜਾਂਦਾ ਤੇ ਫਿਰ ਹੁਝਕਾ ਮਾਰ ਕੇ ਬਾਲਾ ਕੱਢਿਆ ਜਾਂਦਾ। 19-20 ਸਾਲ ਦੀ ਉਮਰ ਤਕ ਮੈਂ ਉਸ ਦਾ ਬਾਲਾ ਨਹੀਂ ਸਾਂ ਕੱਢ ਸਕਿਆ ਜੋ 21-22 ਸਾਲਾਂ ਦਾ ਹੋ ਕੇ ਮਸੀਂ ਕੱਢ ਸਕਿਆ। ਉਦੋਂ ਜੇ ਕੋਈ ਕਹਿੰਦਾ ਕਿ ਕੋਈ ਭਾਰਚੁਕਾਵਾ ਪੌਣੇ ਸੱਤ ਮਣ ਭਾਰ ਦਾ ਬਾਲਾ ਕੱਢ ਦਿੰਦੈ ਤਾਂ ਕਿਸੇ ਨੇ ਸੱਚ ਨਹੀਂ ਸੀ ਮੰਨਣਾ। 19ਵੀਂ ਸਦੀ ਦੇ ਅਖ਼ੀਰ ਵਿਚ 1896 ਦੀਆਂ ਪਹਿਲੀਆਂ ਨਵੀਨ ਓਲੰਪਿਕ ਖੇਡਾਂ 'ਚ ਦੁਨੀਆ ਦਾ ਸਭ ਤੋਂ ਤਕੜਾ ਬੰਦਾ ਵੱਧ ਤੋਂ ਵੱਧ 111.5 ਕਿਲੋ ਭਾਰ ਦਾ ਬਾਲਾ ਹੀ ਕੱਢ ਸਕਿਆ ਸੀ।

ਲਾਸ਼ਾ ਤਲਖਾਡਜ਼ੇ ਨੇ 17 ਦਸੰਬਰ 2021 ਨੂੰ ਤਾਸ਼ਕੰਦ ਦੀ ਵਰਲਡ ਵੇਟਲਿਫਟਿੰਗ ਚੈਂਪੀਅਨਸ਼ਿਪਸ ਵਿਚ ਸਨੈਚ, ਕਲੀਨ ਐਂਡ ਜਰਕ ਅਤੇ ਕੁਲ ਵਜ਼ਨ ਦੇ ਤਿੰਨੇ ਹੀ ਵਿਸ਼ਵ ਰਿਕਾਰਡ ਮੁੜ ਨਵਿਆਏ ਹਨ। ਉਸ ਨੇ ਸਨੈਚ ਤੇ ਜਰਕ ਨਾਲ ਕੁਲ 492 ਕਿਲੋ ਭਾਰ ਉਠਾਇਆ। ਭਾਰ ਚੁੱਕਣ ਦੇ ਮਾਹਿਰਾਂ ਨੇ 500 ਕਿਲੋ ਦੀ ਹੱਦ ਨੂੰ ਮਿਥਿਹਾਸਕ ਹੱਦ ਮਿਥਿਆ ਹੋਇਐ ਜਿਸ ਨੂੰ ਪਾਰ ਕਰਨਾ ਅਸੰਭਵ ਕਿਹਾ ਜਾ ਰਿਹੈ। ਪਰ ਬੰਦਾ ਫਿਰ ਬੰਦਾ ਹੀ ਕਾਹਦਾ ਹੋਇਆ ਜੇ ਅਸੰਭਵ ਨੂੰ ਸੰਭਵ ਨਾ ਕਰ ਵਿਖਾਵੇ!

ਮਨੁੱਖ ਦੇ ਜਾਏ ਮੁੱਢ ਕਦੀਮ ਤੋਂ ਕੁਦਰਤੀ ਸ਼ਕਤੀਆਂ ਵਿਰੁੱਧ ਜੂਝਦੇ ਆਏ ਹਨ। ਭਾਰਚੁਕਾਵੇ ਦਾ ਆਪਣੇ ਵਿਤੋਂ ਬਾਹਰੇ ਵਜ਼ਨ ਨਾਲ ਆਢਾ ਲਾਉਣਾ, ਮਨੁੱਖ ਦੇ ਕੁਦਰਤੀ ਸ਼ਕਤੀਆਂ ਵਿਰੁੱਧ ਜੂਝਣ ਦਾ ਹੀ ਇਕ ਲੱਛਣ ਹੈ। ਮਨੁੱਖੀ ਜੀਵ ਬ੍ਰਹਿਮੰਡ ਦਾ ਧੜਕਦਾ ਸਾਹ ਹੈ ਜਿਸ ਵਿਚ ਫਤਿਹ ਹਾਸਲ ਕਰਨ ਦਾ ਅਮੁੱਕ ਜਜ਼ਬਾ ਹੈ। ਕਿਧਰੇ ਉਹ ਉੱਚੀ ਤੋਂ ਉੱਚੀ ਛਾਲ ਲਾ ਕੇ ਧਰਤੀ ਦੀ ਖਿੱਚ ਨੂੰ ਹਰਾਉਣਾ ਚਾਹੁੰਦਾ ਹੈ ਤੇ ਕਿਧਰੇ ਤੇਜ਼ ਤੋਂ ਤੇਜ਼ ਦੌੜ ਕੇ ਧਰਤ-ਜ਼ਰਿਆਂ ਦੀ ਪਕੜ ਨੂੰ ਮਾਤ ਪਾਉਣਾ। ਕਿਧਰੇ ਉਹ ਵੱਧ ਤੋਂ ਵੱਧ ਵਜ਼ਨ ਚੁੱਕ ਕੇ ਦੱਸ ਦੇਣਾ ਚਾਹੁੰਦਾ ਹੈ ਕਿ ਵਜ਼ਨੀ ਬਾਰ ਤੇ ਧਰਤੀ ਦੇ ਵਿਚਾਲੇ ਬਾਹਾਂ ਖੜ੍ਹੀਆਂ ਕਰਨ ਦੇ ਕਿੰਨਾ ਸਮਰੱਥ ਹੋ ਗਿਆ ਹੈ! ਇਹ ਸੰਘਰਸ਼ ਸਦੀਵੀ ਹੈ। ਮਨੁੱਖ ਪੈਦਾ ਹੀ ਨਵੀਂ ਤੋਂ ਨਵੀਂ ਜਿੱਤ ਹਾਸਲ ਕਰਨ ਲਈ ਹੋਇਆ ਹੈ। ਇਹ ਜਿੱਤ ਬੁਰਾਈਆਂ ਉਤੇ, ਵਿਰੋਧੀ ਵਿਚਾਰਾਂ ਉਤੇ, ਵਿਰੋਧੀ ਧਿਰਾਂ, ਜਮਾਤਾਂ ਤੇ ਨਿਜ਼ਾਮਾਂ ਉਤੇ ਵੀ ਹੋ ਸਕਦੀ ਹੈ, ਆਪਣੇ ਅੰਦਰ ਦੀਆਂ ਮਾਰੂ ਪ੍ਰਵਿਰਤੀਆਂ ਉਤੇ ਵੀ ਅਤੇ ਤੇਜ਼ ਤੋਂ ਤੇਜ਼ ਦੌੜਨ ਤੇ ਵੱਧ ਤੋਂ ਵੱਧ ਭਾਰ ਚੁੱਕਣ ਉਤੇ ਵੀ। ਡੂੰਘੀ ਨਜ਼ਰ ਮਾਰਿਆਂ ਸੰਘਰਸ਼ ਹਰ ਖੇਤਰ ਵਿਚ ਦਿਸਦਾ ਹੈ ਤੇ ਉਹਦੇ ਪਿੱਛੇ ਉਮ੍ਹਲਦਾ ਜਜ਼ਬਾ ਫਤਿਹ ਹਾਸਲ ਕਰਨ ਦਾ ਹੀ ਹੈ।




ਹਾਲ ਦੀ ਘੜੀ ਲਾਸ਼ਾ ਤਲਖਾਡਜ਼ੇ ਤੋਂ ਹੀ ਆਸ ਹੈ ਕਿ ਉਹ 225 ਕਿਲੋ ਦੀ ਸਨੈਚ ਤੇ 267 ਕਿਲੋ ਦੀ ਜਰਕ ਨੂੰ ਹੋਰ ਵਧਾ ਕੇ ਕੁਲ 500 ਕਿਲੋ ਦੀ ਮਿਥਕ ਹੱਦ ਤੋੜੇ। ਜੇ ਉਹ ਹੋਰ 4 ਕਿਲੋ ਵੱਧ ਦੀ ਸਨੈਚ ਤੇ ਹੋਰ 5 ਕਿਲੋ ਵੱਧ ਦੀ ਜਰਕ ਲਾ ਦੇਵੇ ਤਾਂ 500 ਕਿਲੋ ਦੀ ਅਟੁੱਟ ਮੰਨੀ ਜਾਂਦੀ ਹੱਦ ਟੁੱਟ ਸਕਦੀ ਹੈ। 500 ਕਿਲੋ ਦੀ ਮਿਥਕ ਹੱਦ ਤੋੜਨ ਲਈ ਇਕ ਦੋ ਨਹੀਂ, ਦੁਨੀਆ ਦੇ ਦਰਜਨਾਂ ਵੇਟਲਿਫਟਰ ਲੋਹੇ ਨਾਲ ਜੂਝ ਰਹੇ ਹਨ। ਕਈ ਹੋਰ ਵੇਟਲਿਫਟਰ ਲਾਸ਼ਾ ਨੂੰ ਮਾਤ ਪਾਉਣ ਲਈ ਉਹਦੇ ਮੋਢਿਆਂ 'ਤੇ ਚੜ੍ਹੇ ਆ ਰਹੇ ਹਨ।

ਇਹ ਹਕੀਕਤ ਹੈ ਕਿ ਕੋਈ ਰਿਕਾਰਡ ਐਸਾ ਨਹੀਂ ਜੋ ਕਦੇ ਟੁੱਟਿਆ ਨਾ ਹੋਵੇ। ਸਮਾਂ ਘੱਟ ਜਾਂ ਵੱਧ ਲੱਗ ਸਕਦਾ ਹੈ ਪਰ ਰਿਕਾਰਡ ਟੁੱਟਿਆ ਜ਼ਰੂਰ ਹੈ ਤੇ ਟੁੱਟੇਗਾ ਵੀ ਜ਼ਰੂਰ। 225 ਕਿਲੋ ਸਨੈਚ, 267 ਕਿਲੋ ਜਰਕ ਤੇ 492 ਕਿਲੋ ਟੋਟਲ ਅੱਜ ਤਕ ਦੇ ਵਿਸ਼ਵ ਰਿਕਾਰਡ ਹਨ ਜਿਨ੍ਹਾਂ ਨੇ ਆਉਂਦੇ ਸਮੇਂ 'ਚ ਟੁੱਟਣਾ ਹੀ ਟੁੱਟਣਾ ਹੈ। ਭਵਿੱਖ ਦੇ ਭਾਰਚੁਕਾਵੇ 270 ਕਿਲੋ ਜਰਕ ਦਾ ਬੈਰੀਅਰ ਵੀ ਤੋੜਨਗੇ ਤੇ 275 ਕਿਲੋ ਦਾ ਵੀ। ਸੰਭਵ ਹੈ 21ਵੀ ਸਦੀ ਤੇ ਅੰਤ ਤਕ ਕੋਈ ਵੇਟਲਿਫਟਰ 300 ਕਿਲੋ ਦਾ ਬਾਲਾ ਕੱਢਣ ਦੀ ਹੱਦ ਵੀ ਤੋੜ ਦੇਵੇ। ਬੰਦੇ ਦੀ ਸ਼ਕਤੀ ਦਾ ਕੋਈ ਸਿਰਾ ਜੁ ਨਹੀਂ!

ਜ਼ਰੂਰੀ ਨਹੀਂ ਕਿ ਕਿਸੇ ਵੱਡੇ ਤੇ ਅਮੀਰ ਮੁਲਕ ਦਾ ਖਿਡਾਰੀ ਹੀ ਵਿਸ਼ਵ ਦਾ ਸਭ ਤੋਂ ਤਕੜਾ ਬੰਦਾ ਬਣ ਸਕਦੈ। ਜਾਰਜੀਆ ਇਕ ਛੋਟਾ ਜਿਹਾ ਮੁਲਕ ਹੈ ਜਿਸ ਦੀ ਆਬਾਦੀ ਸਿਰਫ਼ 37 ਲੱਖ ਹੈ। ਸਾਡੀ ਦਿੱਲੀ ਦੀ ਆਬਾਦੀ ਦੇ ਹੀ ਅੱਧੀ ਦਰਜਨ ਜਾਰਜੀਆ ਬਣ ਜਾਣ! ਜਾਰਜੀਆ ਏਸ਼ੀਆ ਤੇ ਯੂਰਪ ਦੀ ਹੱਦ 'ਤੇ ਸਰਹੱਦੀ ਦੇਸ਼ ਹੈ। ਪਹਿਲਾਂ ਉਹ ਸੋਵੀਅਤ ਰੂਸ ਦਾ ਭਾਗ ਸੀ। 1991 ਵਿਚ ਸੋਵੀਅਤ ਰੂਸ ਟੁੱਟਾ ਤਾਂ ਜਾਰਜੀਆ ਵੱਖਰਾ ਆਜ਼ਾਦ ਦੇਸ਼ ਬਣ ਗਿਆ ਜਿਸ ਦੀ ਉਮਰ ਲਾਸ਼ਾ ਤਲਖਾਡਜ਼ੇ ਤੋਂ ਦੋ ਕੁ ਸਾਲ ਹੀ ਵੱਡੀ ਹੈ। ਇਸ ਦੀ ਰਾਜਧਾਨੀ ਤਬਲਿਸੀ ਹੈ ਜੋ ਦੇਸ਼ ਦਾ ਸਭ ਤੋਂ ਵੱਡਾ ਸ਼ਹਿਰ ਹੈ। ਉਸ ਸ਼ਹਿਰ ਵਿਚ ਦੇਸ਼ ਦੀ ਤੀਜਾ ਹਿੱਸਾ ਆਬਾਦੀ ਵੱਸਦੀ ਹੈ। ਲਗਭਗ 90% ਲੋਕ ਇਸਾਈ ਹਨ। ਲਾਸ਼ਾ ਜਦੋਂ ਭਾਰ ਚੁੱਕਣ ਆਉਂਦਾ ਹੈ ਤਾਂ ਹੱਥ ਨਾਲ ਛਾਤੀ 'ਤੇ ਕਰਾਸ ਦਾ ਚਿੰਨ੍ਹ ਬਣਾ ਕੇ ਬਾਰ ਨੂੰ ਹੱਥ ਪਾਉਂਦਾ ਹੈ। 'ਕੱਲਾ ਲਾਸ਼ਾ ਹੀ ਨਹੀਂ ਬਹੁਤ ਸਾਰੇ ਖਿਡਾਰੀ ਅਜਿਹੇ ਹਨ ਜੋ ਖੇਡ ਸ਼ੁਰੂ ਕਰਦਿਆਂ ਆਪੋ ਆਪਣੇ ਵਿਸ਼ਵਾਸ ਅਨੁਸਾਰ ਆਪਣੇ ਇਸ਼ਟ ਨੂੰ ਸਿਜਦਾ ਕਰਦੇ ਹਨ।

ਭਾਰਤ ਤੋਂ ਜਾਰਜੀਆ ਖੁਸ਼ਕ ਰਸਤੇ ਜਾਇਆ ਜਾ ਸਕਦੈ। ਉਥੇ ਕੁਝ ਪੰਜਾਬੀ ਤੇ ਭਾਰਤੀ ਗਏ ਵੀ ਹਨ। ਉਥੋਂ ਦੀਆਂ ਪ੍ਰਮੁੱਖ ਖੇਡਾਂ ਫੁੱਟਬਾਲ, ਬਾਸਕਟਬਾਲ, ਰਗਬੀ ਯੂਨੀਅਨ, ਰੈਸਲਿੰਗ, ਜੂਡੋ ਤੇ ਵੇਟਲਿਫਟਿੰਗ ਹਨ। ਜਾਰਜੀਆ ਇਤਿਹਾਸਕ ਤੌਰ 'ਤੇ ਤਕੜੇ ਜੁੱਸਿਆਂ ਵਾਲੇ ਬੰਦਿਆਂ ਦਾ ਦੇਸ਼ ਵੱਜਦਾ ਹੈ। ਉਸ ਨੇ ਥੋੜ੍ਹੇ ਸਮੇਂ ਵਿਚ ਹੀ ਕਈ ਖੇਡਾਂ 'ਚ ਕੌਮਾਂਤਰੀ ਪੱਧਰ 'ਤੇ ਪ੍ਰਸਿੱਧੀ ਖੱਟੀ ਹੈ। ਨਿੱਕੇ ਜਿੰਨੇ ਦੇਸ਼ ਨੇ 1992 ਤੋਂ ਬਾਅਦ ਓਲੰਪਿਕ ਖੇਡਾਂ 'ਚੋਂ 40 ਮੈਡਲ ਜਿੱਤ ਲਏ ਹਨ ਜਿਨ੍ਹਾਂ 'ਚ ਵਧੇਰੇ ਮੈਡਲ ਕੁਸ਼ਤੀ, ਜੂਡੋ ਤੇ ਵੇਟਲਿਫਟਿੰਗ ਦੇ ਹਨ।

ਲਾਸ਼ਾ ਨੇ 2015 ਦੀ ਵਿਸ਼ਵ ਵੇਟਲਿਫਟਿੰਗ ਚੈਂਪੀਅਨਸ਼ਿਪਸ ਤੋਂ ਵੱਡੀਆਂ ਜਿੱਤਾਂ ਜਿੱਤਣੀਆਂ ਸ਼ੁਰੂ ਕੀਤੀਆਂ ਸਨ। ਉਥੇ ਉਹ ਆਪਣੇ ਵਜ਼ਨ ਵਰਗ ਵਿਚ ਬੇਸ਼ਕ ਦੂਜੇ ਸਥਾਨ 'ਤੇ ਰਿਹਾ ਸੀ ਪਰ ਬਾਅਦ ਵਿਚ ਪਹਿਲੇ ਸਥਾਨ ਵਾਲੇ ਅਲੈਕਸੇਵ ਦੇ ਡੋਪ ਟੈਸਟ ਵਿਚ ਫੇਲ੍ਹ ਹੋਣ ਕਾਰਨ ਲਾਸ਼ਾ ਨੂੰ ਵਰਲਡ ਚੈਂਪੀਅਨ ਐਲਾਨਿਆ ਗਿਆ। ਉਥੇ ਉਸ ਨੇ +105 ਕਿਲੋ ਕੈਟੇਗਰੀ ਵਿਚ ਕੁਲ 454 ਕਿਲੋ ਭਾਰ ਚੁੱਕਿਆ ਸੀ। 2016 ਦੀਆਂ ਓਲੰਪਿਕ ਖੇਡਾਂ ਵਿਚ ਰੀਓ ਵਿਖੇ ਉਸ ਨੇ 215 ਕਿਲੋ ਦੀ ਸਨੈਚ ਲਾ ਕੇ ਪਹਿਲਾ ਵਿਸ਼ਵ ਰਿਕਾਰਡ ਤੋੜਿਆ। 258 ਕਿਲੋ ਦੀ ਕਲੀਨ ਐਂਡ ਜਰਕ ਨਾਲ ਦੂਜਾ ਵਿਸ਼ਵ ਰਿਕਾਰਡ ਵੀ ਤੋੜ ਦਿੱਤਾ ਤੇ ਕੁਲ 473 ਕਿਲੋ ਵਜ਼ਨ ਚੁੱਕ ਕੇ ਓਲੰਪਿਕ ਖੇਡਾਂ ਦਾ ਪਹਿਲਾ ਗੋਲਡ ਮੈਡਲ ਜਿੱਤਿਆ। 2017 ਦੀ ਯੂਰਪੀਨ ਚੈਂਪੀਅਨਸ਼ਿਪਸ ਵਿਚ ਲਾਸ਼ਾ ਨੇ 217 ਕਿਲੋ ਦੀ ਸਨੈਚ ਲਾ ਕੇ ਇਕ ਹੋਰ ਵਿਸ਼ਵ ਰਿਕਾਰਡ ਨਵਿਆਇਆ। ਉਸੇ ਸਾਲ ਦੀ ਵਿਸ਼ਵ ਚੈਂਪੀਅਨਸ਼ਿਪਸ ਵਿਚ 220 ਕਿਲੋ ਦੀ ਸਨੈਚ ਲਾ ਦਿੱਤੀ ਅਤੇ 257 ਕਿਲੋ ਦੀ ਜਰਕ ਨਾਲ ਕੁਲ 477 ਕਿਲੋ ਭਾਰ ਚੁੱਕ ਕੇ ਫਿਰ ਵਿਸ਼ਵ ਰਿਕਾਰਡ ਤੋੜ ਦਿੱਤਾ।

ਵੇਟਲਿਫਟਿੰਗ ਕਰਨ ਵਾਲਿਆਂ ਦੇ ਵੱਖੋ ਵੱਖਰੇ ਵਜ਼ਨ ਵਰਗ ਹੁੰਦੇ ਹਨ। ਮਸਲਨ 55 ਕਿਲੋ, 61, 67, 73, 81, 89, 96, 102, 109 ਤੇ +109 ਕਿਲੋ ਹਨ। ਇਨ੍ਹਾਂ ਦੀ ਗਿਣਤੀ ਤੇ ਭਾਰ 'ਚ ਵਾਧਾ ਘਾਟਾ ਵੀ ਹੁੰਦਾ ਰਹਿੰਦਾ ਹੈ। ਪਹਿਲਾਂ ਸਭ ਤੋਂ ਭਾਰਾ ਵਜ਼ਨ ਵਰਗ +105 ਕਿਲੋ ਸੀ ਜੋ ਵਧਾ ਕੇ +109 ਕਿਲੋ ਕਰ ਦਿੱਤਾ ਗਿਆ ਹੈ। 2018 ਦੀ ਵਰਲਡ ਚੈਂਪੀਅਨਸ਼ਿਪਸ ਵਿਚ ਲਾਸ਼ਾ ਨੇ +109 ਕਿਲੋ ਕੈਟੇਗਰੀ ਵਿਚ ਭਾਗ ਲਿਆ ਸੀ ਤੇ ਗੋਲਡ ਮੈਡਲ ਜਿੱਤਿਆ ਸੀ। 2019 ਦੀ ਵਰਲਡ ਚੈਂਪੀਅਨਸ਼ਿਪਸ ਵਿਚ ਉਸ ਨੇ 218 ਕਿਲੋ ਦੀ ਸਨੈਚ ਲਾਈ ਤੇ 260 ਕਿਲੋ ਦੀ ਜਰਕ। 2020 ਵਾਲੀਆਂ ਟੋਕੀਓ ਦੀਆਂ ਓਲੰਪਿਕ ਖੇਡਾਂ ਕੋਵਿਡ ਕਾਰਨ 2021 ਵਿਚ ਹੋ ਸਕੀਆਂ ਸਨ। ਉਥੇ ਉਸ ਨੇ 223 ਕਿਲੋ ਦੀ ਸਨੈਚ, 265 ਕਿਲੋ ਦੀ ਜਰਕ ਕੁਲ 488 ਕਿਲੋ ਭਾਰ ਚੁੱਕ ਕੇ ਓਲੰਪਿਕ ਖੇਡਾਂ ਦੇ ਤਿੰਨੇ ਰਿਕਾਰਡ ਮੁੜ ਤੋੜ ਦਿੱਤੇ ਸਨ। ਉਥੇ ਉਸ ਨੇ ਓਲੰਪਿਕ ਖੇਡਾਂ ਦਾ ਦੂਜਾ ਗੋਲਡ ਮੈਡਲ ਜਿੱਤਿਆ ਸੀ। ਤਦ ਉਸ ਨੂੰ ਜਾਰਜੀਆ ਦਾ ਸਰਬੋਤਮ ਖਿਡਾਰੀ ਹੋਣ ਦਾ ਸਨਮਾਨ ਦਿੱਤਾ ਗਿਆ। ਪਰ ਉਸ ਦੇ ਖੇਡ ਕੈਰੀਅਰ ਦੀ ਸਿਖਰਲੀ ਪ੍ਰਫਾਰਮੈਂਸ ਤਾਸ਼ਕੰਦ ਵਿਖੇ ਰਹੀ ਜਿਥੇ ਉਸ ਨੇ 225 ਕਿਲੋ ਸਨੈਚ, 267 ਕਿਲੋ ਜਰਕ ਅਤੇ 492 ਕਿਲੋ ਦੇ ਟੋਟਲ ਨਾਲ ਤਿੰਨੇ ਨਵੇਂ ਵਿਸ਼ਵ ਰਿਕਾਰਡ ਰੱਖੇ। ਅੱਜ ਵੀ 26 ਵਿਸ਼ਵ ਰਿਕਾਰਡ ਲਾਸ਼ਾ ਤਲਕਾਡਜ਼ੇ ਦੇ ਨਾਂ ਦਰਜ ਹਨ। ਵੈਸੇ ਇਕ ਵਾਰ ਅਭਿਆਸ ਦੌਰਾਨ ਉਸ ਨੇ 270 ਕਿਲੋ ਦੀ ਜਰਕ ਵੀ ਲਾ ਦਿੱਤੀ ਸੀ ਪਰ ਉਹ ਅਧਿਕਾਰਤ ਤੌਰ 'ਤੇ ਰਿਕਾਰਡ ਵਜੋਂ ਦਰਜ ਨਹੀਂ ਕੀਤੀ ਗਈ।

ਪਰਿਵਾਰਕ ਤੌਰ 'ਤੇ ਉਹ ਕਬੀਲਦਾਰ ਬੰਦਾ ਹੈ। 2016 ਵਿਚ ਉਹਦੇ ਵਰਗੀ ਹੀ ਇਕ ਖ਼ੂਬਸੂਰਤ ਲੰਮੀ ਝੰਮੀ ਮੁਟਿਆਰ ਅਨੀ ਦਮੂਰੀਆ ਨਾਲ ਉਹਦੀਆਂ ਅੱਖਾਂ ਮਿਲੀਆਂ ਜੋ ਦੋ ਸਾਲ ਉਹਲੇ ਉਹਲੇ ਮਿਲਦੀਆਂ ਰਹੀਆਂ। 24 ਜੁਲਾਈ 2018 ਨੂੰ ਉਨ੍ਹਾਂ ਦਾ ਜਾਰਜੀਆਂ ਦੀਆਂ ਰੀਤਾਂ ਅਨੁਸਾਰ ਵਿਆਹ ਹੋਇਆ। ਅੱਗੇ ਬਾਲ ਬੱਚੇ ਵੀ ਹੋ ਗਏ ਜਿਨ੍ਹਾਂ ਤੋਂ ਆਸਾਂ ਹਨ ਕਿ ਉਹ ਵੀ ਕੁਝ ਅਨੋਖਾ ਕਰਨਗੇ। ਲਾਸ਼ਾ ਨੂੰ ਦੇਸ਼ ਵਿਦੇਸ਼ ਦੇ ਬੜੇ ਮਾਣ ਸਨਮਾਨ ਮਿਲੇ ਹਨ ਤੇ ਉਹ ਅਜੇ ਵੀ ਲੋਹੇ ਨਾਲ ਲੋਹਾ ਲੈ ਰਿਹੈ। ਕਈ ਇਹ ਜਾਣ ਕੇ ਹੈਰਾਨ ਹੋਣਗੇ ਕਿ 2013 ਵਿਚ ਜਦੋਂ ਉਹ ਭਾਰ ਚੁੱਕਣ ਵਿਚ ਚਮਕਣ ਹੀ ਲੱਗਾ ਸੀ ਤਾਂ ਪਾਬੰਦੀਸ਼ੁਦਾ ਪ੍ਰਫਾਰਮੈਂਸ ਵਧਾਊ ਡਰੱਗ ਸਟੈਨੋਜ਼ੋਲੋਲ ਲੈ ਬੈਠਾ ਸੀ ਜੋ ਡੋਪ ਟੈਸਟ ਵਿਚ ਨਸ਼ਰ ਹੋ ਗਈ ਸੀ। ਸਜ਼ਾ ਵਜੋਂ ਉਸ ਨੂੰ ਦੋ ਸਾਲ ਲਈ ਬੈਨ ਕਰ ਦਿੱਤਾ ਗਿਆ ਸੀ। ਏਨੀ ਕੁ ਸਜ਼ਾ ਨਾਲ ਉਹ ਸੁਧਰ ਗਿਆ ਤੇ ਫਿਰ ਬਿਨਾਂ ਕਿਸੇ ਡਰੱਗ ਡੋਪਿੰਗ ਦੇ ਵਿਸ਼ਵ ਦਾ ਸਭ ਤੋਂ ਤਕੜਾ ਵੇਟਲਿਫਟਰ ਸਿੱਧ ਹੋਇਆ।

2024 'ਚ ਪੈਰਿਸ ਦੀਆਂ ਓਲੰਪਿਕ ਖੇਡਾਂ ਆ ਰਹੀਆਂ ਹਨ ਜਿਨ੍ਹਾਂ ਲਈ ਲਾਸ਼ਾ ਪੂਰੀ ਤਿਆਰੀ ਕਰ ਰਿਹੈ। ਉਥੇ ਵੇਟ ਵਰਗ ਘਟਾ ਦਿੱਤੇ ਗਏ ਹਨ। ਪੁਰਸ਼ਾਂ ਲਈ 61 ਕਿਲੋ, 73 ਕਿਲੋ, 89 ਕਿਲੋ, 102 ਕਿਲੋ ਤੇ +102 ਕਿਲੋ ਕੇਵਲ ਪੰਜ ਵਜ਼ਨ ਵਰਗ ਹੋਣਗੇ। ਲਾਸ਼ਾ ਉਦੋਂ 31ਵੇਂ ਸਾਲ 'ਚ ਹੋਵੇਗਾ। ਤਦ ਤਕ ਉਤਸੁਕਤਾ ਬਣੀ ਰਹੇਗੀ ਕਿ ਉਹ ਓਲੰਪਿਕ ਖੇਡਾਂ ਦਾ ਲਗਾਤਾਰ ਤੀਜਾ ਗੋਲਡ ਮੈਡਲ ਜਿੱਤਦਾ ਹੈ ਜਾਂ ਨਹੀਂ? ਅਤੇ ਇਹ ਵੀ ਕਿ ਕੋਈ ਹੋਰ ਨਵਾਂ ਰਿਕਾਰਡ ਕਦੋਂ ਰੱਖਦੈ?

## ਸਵੇਰ ਵੇਲੇ....



ਸਵੇਰ ਵੇਲੇ ਉੱਠ ਪੈਂਦੀ
ਚੁੱਲ੍ਹਾ ਚੌਂਕਾ ਸਾਂਭ ਲੈਂਦੀ
ਧਰ ਪਾਥੀਆਂ ਚੁੱਲ੍ਹੇ ਅੱਗੇ
ਰੋਟੀ ਟੁੱਕ ਪਕਾ ਲੈਂਦੀ
ਰੋਟੀ ਟੁੱਕ ਪਕਾਉਂਦਿਆ
ਰੱਬ ਨੂੰ ਵੀ ਧਿਆ ਲੈਂਦੀ
ਪਹਿਲਾਂ ਚੁੱਲ੍ਹੇ ਉੱਤੇ ਚਾਹ ਧਰਦੀ
ਫਿਰ ਮੱਠੀ ਮੱਠੀ ਅੱਗ ਉੱਤੇ
ਚਾਹ ਰਿਝਦੀ
ਫਿਰ ਪਾ ਚਾਟੀ ਵਿੱਚ ਮਧਾਣੀ
ਦਹੀਂ ਰਿੜਕਦੀ
ਹੱਥਾਂ ਵਿੱਚ ਪਾਈਆਂ ਵੰਗਾਂ ਛਣਕਦੀ
ਜਦੋਂ ਭੱਜ ਭੱਜ ਕੰਮ ਕਰਦੀ
ਪੈਰੀਂ ਪਾਈ ਪੰਜਾਬੀ ਜੁੱਤੀ
ਉਦੋਂ ਚੂੰ ਚੂੰ ਕਰਦੀ
ਸਭ ਦਾ ਭਲਾ ਮੰਗਦੀ, ਪਰ
ਆਪਣੀ ਗੱਲ ਕਹਿਣ ਤੋਂ ਨਾ ਸੰਗਦੀ
ਆਪਣੇ ਪਰਿਵਾਰ ਵਿੱਚ ਏਕਾ
ਇਤਫ਼ਾਕ ਰੱਖਦੀ
ਉਸਦੀ ਹਰ ਵੇਲੇ ਸੁੱਖ ਮੰਗਦੀ
ਹਰ ਰਿਸ਼ਤੇ ਨਾਤੇ ਨੂੰ ਇੱਕ ਮਾਲਾ
ਵਿੱਚ ਪਰੋ ਕੇ ਰੱਖਦੀ
ਦੋਵੇਂ ਪਰਿਵਾਰਾਂ ਨੂੰ ਜੋੜ ਕੇ ਰੱਖਦੀ
ਆਪਣੇ ਦਰਦ ਨੂੰ ਛੁਪਾ ਕੇ ਰੱਖਦੀ
ਕੰਡਿਆਂ ਵਿੱਚੋਂ ਖੁਸ਼ਬੂ ਲੱਭਦੀ
ਆਪਣੇ ਪਰਿਵਾਰ ਦਾ ਮਾਨ ਸਨਮਾਨ
ਵਧਾ ਕੇ ਰੱਖਦੀ
ਰੱਬ ਦੀ ਰਜ਼ਾ ਨਾਲ ਅੱਗੇ ਵੱਧਦੀ
ਉੱਚਾ ਬੋਲ ਕਹਿਣ ਤੋਂ ਡਰਦੀ
ਇੱਕ ਔਰਤ ਹੀ ਘਰ ਦੀ ਇੱਕ
ਇੱਕ ਚੀਜ਼ ਸਾਂਭ ਰੱਖਦੀ, ਤੋਪੇ
ਲਾ ਲਾ ਨਿੱਕੀ ਜਿਹੀ ਸੂਈ ਨਾਲ ਗੰਢਦੀ

ਪਰਮਬੀਰ ਕੌਰ ਰਿਆੜ











